ਮਾਸਕ ੴ ਪਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

## ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ(ਬਠਿੰਡਾ)

ਜਿਥੇ ਹਰ ਸਾਲ ਵੈਸਾਖੀ ਸਮੇਂ ਸਿਖ ਸੰਗਤਾਂ ਭਾਰੀ ਗਿਣਤੀ ਵਿਚ ਪੁਜਦੀਆਂ ਹਨ



ਅਪ੍ਰੈਲ ੧੯੮੮ * APRIL 1988

www.AKJ.Org

# ਤ ਤ ਕ ਰਾ


ਧਰਮ ਵਿਥਾਰਕ ਦੁਸ਼ਟ-ਦਮਨ ਦਸਮੇਸ਼ ਗੁਰੂ ੩ ਭਾ: ਸਾ: ਭਾਈ ਰਣਧੀਰ ਸਿੰਘ ਜੀ
ਅੰਮ੍ਰਿਤ ਛਕਣ ਦੇ ਲਾਭ (੪) ੪ ,, ,, ,,
ਖੰਡੇ ਕੀ ਬੇਲਾ ਆਈ ੮ ਭਾਈ ਰਾਮ ਸਿੰਘ ਜੀ
ਪੰਜ ਪਿਆਰੇ ੧੧ ਪ੍ਰੋਫੈਸਰ ਜੋਗਿੰਦਰ ਸਿੰਘ ਜੀ
ਧ੍ਰਿਗੁ ਇਵੇਹਾ ਜੀਵਣਾ ੧੪ 'ਸੂਰਾ' ਪਰਵਾਰ
ਰਾਜ ਕਰੇਗਾ ਖਾਲਸਾ ੧੮ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ
ਲਿਵ ਧਾਤੁ ਦੁਇ ਰਾਹ ਹੈ ੧੯ ਪ੍ਰੋਫੈਸਰ ਗੁਰਮੁਖ ਸਿੰਘ ਜੀ
ਸਭ ਤਰ੍ਹਾਂ ਦੀ ਸੇਵਾ ਨਿਭਾਉਣ ਵਾਲੇ ਗੁਰਮੁਖਾਂ ਪ੍ਰਤੀ ਬੇਨਤੀ ੨੩ ਜਥੇਦਾਰ ਅਖੰਡ ਕੀਰਤਨੀ ਜਥਾ
ਸਿੱਖ, ਸਿੰਘ, ਸ਼ਹੀਦ, ਸਰਦਾਰ ੨੪ ਪ੍ਰਿੰਸੀਪਲ ਨਾਹਰ ਸਿੰਘ ਜੀ
ਕਲਗੀਧਰ ਜੀ ਲਖੀ ਜੰਗਲ ਵਿਚ (ਕਵਿਤਾ) ੨੭ ਗਿਆਨੀ ਗੋਪਾਲ ਸਿੰਘ ਜੀ ਮਿੱਤਰ
ਵੈਸਾਖੀ ਸਮੇਂ ਦਸਮੇਸ਼ ਜੀ ਦਾ ਪੈਗਾਮ ( ,, ) ੨੮ ਸ: ਅਤਰ ਸਿੰਘ ਜੀ ਨੀਰ
ਨਾਸਕੀ ਉਚਾਰਨ——ਬੇਲੋੜਵੇਂ ਬਿੰਦੇ ੨੯ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਸਰਕਲ
ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ (੩) ੩੩ ਸ: ਨਰੈਣ ਸਿੰਘ ਜੀ ਐਮ.ਏ.
ਅੰਮ੍ਰਿਤ ਪਾਨ ਕਰਨਾ ਜੀਵਨ-ਗੁੜ੍ਹਤੀ ਹੈ ੩੮ 'ਸੂਰਾ' ਪਰਵਾਰ


ਸ੍ਰੀ ਗੁਰੂ ਤੇਗ ਬਹਾਦਰ ਜੀ ਅਵਤਾਰ ਧਾਰਿਆ ੭ ਅਪ੍ਰੈਲ ਸ੍ਰੀ ਗੁਰੂ ਅਰਜਨ ਦੇਵ ਜੀ ਅਵਤਾਰ ਧਾਰਿਆ ੯ ਅਪ੍ਰੈਲ
ਸ੍ਰੀ ਗੁਰੂ ਅੰਗਦ ਦੇਵ ਜੀ ,, ,, ੧੭ ਅਪ੍ਰੈਲ ਸ੍ਰੀ ਗੁਰੂ ਅਮਰਦਾਸ ਜੀ ,, ,, ੩੦ ,,
ਵੈਸਾਖੀ ੧੩ ਅਪ੍ਰੈਲ

**ਸੋਧ : ਮਾਤਾ ਦਰਬਾਰ ਕੌਰ ਵਲੋਂ ੧੨੫੫੯/੩੦ਰਕਮ ਭਾ: ਜਸਵੰਤ ਸਿੰਘ ਜੀ ਜਲੰਧਰ ਰਾਹੀਂ ਪੁਜੀ ਸੀ**

## ਸ਼ਹੀਦ ਭਾਈ ਫੌਜਾ ਸਿੰਘ ਜੀ ਸਮੇਤ ੧੩ ਸ਼ਹੀਦਾਂ ਦੀ ਯਾਦ ਵਿਚ ਸਮਾਗਮ

ਬੀਬੀ ਅਮਰਜੀਤ ਕੌਰ ਸੁਪਤਨੀ ਭਾਈ ਫੌਜਾ ਸਿੰਘ ਜੀ ਬੇਨਤੀ ਕਰਦੇ ਹਨ ਕਿ ਸ਼ਹੀਦੀ ਅਸਥਾਨ (ਬੀ ਬਲਾਕ ਕੁਆਟਰਜ਼) ਵਿਖੇ ੨੨-੪-੮੮ ਐਤਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ, ੬ ਤੋਂ ੧੧ ਅਖੰਡ ਕੀਰਤਨ ਵਿਚ ਆਇ ਜੁੜੋ ਜੀ

## ਭਾਈ ਸਾਹਿਬ ਰਣਧੀਰ ਸਿੰਘ ਜੀ ਗੁਰਮਤਿ/ਕੀਰਤਨ ਵਿਦਿਆਲਾ

ਲੁਧਿਆਣਾ ਵਿਖੇ ਭਾਈ ਸਾਹਿਬ ਜੀ ਦੀ ਅਦੁਤੀ ਯਾਦ, ਉਨ੍ਹਾਂ ਦੀਆਂ ਬਹੁ-ਮੁਲੀਆਂ ਪ੍ਰਕਾਸ਼ਨਾਂ ਆਦਿ ਲਈ ਖ਼ਰੀਦੇ ਜਾ ਰਹੇ ਪਲਾਟ ਆਦਿ ਲਈ ਸਿਖ ਸੰਗਤਾਂ ਵਲੋਂ ਪੁਜ ਰਹੀ ਮਾਇਆ ਵਿਚ ਇਕ ਪ੍ਰੇਮੀ ਜੀ ਨੇ ਪੰਜੀ ਹਜ਼ਾਰ ਰੁਪਏ ਭੇਜਣ ਦੀ ਸੇਵਾ ਕੀਤੀ ਹੈ। ਸਕੱਤ੍ਰ, ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ੨੩-ਜੀ, ਸਰਾਭਾ ਨਗਰ, ਲੁਧਿਆਣਾ

## ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ

ਜੇਲ੍ਹ ਵਿਚ ਸ਼ਹੀਦ ਭਗਤ ਸਿੰਘ ਨਾਲ ਹੋਈ ਮੁਲਾਕਾਤ ਸਮੇਂ ਭਾਈ ਰਣਧੀਰ ਸਿੰਘ ਜੀ ਦੇ ਪ੍ਰਭਾਵ-ਸ਼ਾਲੀ ਬਚਨਾਂ ਨੇ ਉਸ ਨੂੰ ਨਾਸਤਕ ਤੋਂ ਆਸਤਕ ਬਣਾ ਦਿਤਾ ਅਤੇ ਕੇਸਾਂ ਦੀ ਦਸੀ ਮਹਾਨਤਾ ਅਨੁਸਾਰ ਉਹ ਸਿਖੀ ਸਰੂਪ ਵਿਚ ਫਾਂਸੀ ਚੜ੍ਹਿਆ। ਟਰੈਕਟ ਭੇਟਾ ੦-੫੦

## ਗੁਰਬਾਣੀ ਰਹਿਤਨਾਮਾ (ਪ੍ਰਚਲਤ ਰਹਿਤਨਾਮਿਆਂ ਤੇ ਟਿਪਣੀ ਸਹਿਤ)

ਸਿੱਖੀ ਰਹਿਤ ਲਈ ਸਹੀ ਸੇਧ ਕੇਵਲ ਗੁਰਬਾਣੀ ਹੀ ਦੇਂਦੀ ਹੈ। ਇਸ ਟਰੈਕਟ ਵਿਚ ਗੁਰਬਾਣੀ ਦੀ ਸੇਧ ਵਿਚ ਸਿੱਖੀ ਰਹਿਤ ਦਰਸਾਈ ਗਈ ਹੈ। ਇਸ ਐਡੀਸ਼ਨ ਦੇ ਅੰਤ ਵਿਚ ਪੰਥ-ਵਿਰੋਧੀਆਂ ਵਲੋਂ ਗੁਰਮਤਿ-ਵਿਰੋਧੀ ਕੀਤੀ ਗਈ ਮਿਲਾਵਟ ਬਾਰੇ ਟਿਪਣੀਆਂ ਦੇ ਕੇ ਅਸਲੀਅਤ ਉਜਾਗਰ ਕੀਤੀ ਗਈ ਹੈ। ਭੇਟਾ ੧-੦੦


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧-੪-੮੮ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ : 51847 ਘਰ : 43094



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

# ਸੂਰਾ

ਸ੍ਰੀ ਅੰਮ੍ਰਿਤਸਰ

ਮਾਸਕ ਪੱਤਰ

ਸਾਲਾਨਾ ਚੰਦਾ
ਦੇਸ ੧੫-੦੦
ਇਕ ਪਰਚਾ ੧-੫੦
ਪਰਦੇਸ (ਸਾਰੇ ਦੇਸ)
ਸਾਲਾਨਾ ਚੰਦਾ
ਸਮੁੰਦਰੀ ਡਾਕ ੪੦-੦੦
ਹਵਾਈ ਡਾਕ ੧੦੦-੦੦

Foreign Subscription
Sea Mail 40-00
Air Mail 100-00

ਅਮਾਨਤੀ
ਲਾਈਫ਼ ਮੈਂਬਰ
ਦੇਸ ੧੫੦-੦੦
ਪਰਦੇਸ (ਸਾਰੇ ਦੇਸ)
ਸਮੁੰਦਰੀ ਡਾਕ ੪੦੦-੦੦
ਹਵਾਈ ਡਾਕ ੧੦੦੦-੦੦

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੨ ਅਪ੍ਰੈਲ ੧੯੯੮ ਅੰਕ ੪

## ਧਰਮ ਵਿਥਾਰਕ ਦੁਸ਼ਟ-ਦਮਨ ਦਸਮੇਸ਼ ਗੁਰੂ

[ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਸ੍ਰੀ ਅਨੰਦਪੁਰ ਸਾਹਿਬ ਦੀ ਪਵਿਤਰ ਦੇਵ-ਭੂਮੀ ਦੇ ਵਿਸ਼ੇਸ਼ ਧਾਮ ਸ੍ਰੀ ਕੇਸਗੜ੍ਹ ਵਿਖੇ (੧੬੯੯ ਦੀ ਵਿਸਾਖੀ ਸਮੇਂ) ਸ੍ਰੀ ਦਸਮੇਸ਼ ਜੀ ਨੇ ਜੁਗੋ ਜੁਗ ਅਟੱਲ ਰਹਿਣ ਵਾਲੇ ਧਰਮ-ਰਖਸ਼ਕ, ਧਰਮ-ਵਿਥਾਰਕ, ਧਰਮ-ਉਬਾਰਕ, ਜਗਤ-ਉੱਧਾਰਕ, ਮੁਬਾਰਕ ਖਾਲਸਾ ਪੰਥ ਦੀ ਸਾਜਨਾ ਕੀਤੀ, ਜਿਸ ਖਾਲਸਾ ਨੇਸ਼ਨ ਨੇ ਜਨਮ ਧਾਰਨ ਸਾਰ ਹੀ ਆਪਣੇ ਜਨਮ-ਦਾਤਾ ਦੇ ਬਲ ਨਾਲ ਸਦੀਆਂ ਤੋਂ ਜੰਮੇ ਹੋਏ ਜ਼ੁਲਮ-ਰਾਜ ਦੀ ਜੜ੍ਹ ਹਿਲੂਣ ਦਿਤੀ ਅਤੇ ਸੱਚੇ ਧਰਮ ਦਾ ਹਲੇਮੀ ਰਾਜ ਵਿਥਾਰਨਾ ਅਰੰਭ ਦਿਤਾ। ਧਰਮ ਚਲਾਵਨ, ਧਰਮੀਆਂ ਨੂੰ ਉਬਾਰਨ ਅਤੇ ਧਰਮ-ਦਵੈਖੀ-ਦੁਸ਼ਟਾਂ ਦਾ ਮੂਲ ਉਪਾਰਨ ਲਈ, ਜਗਤ-ਉਧਾਰ-ਕੁਰਬਾਨੀ ਦੀ ਜਗ-ਵੇਦੀ ਵਿਖੇ ਧਰਮੱਗ ਪੁਰਸ਼ਾਂ ਦੇ ਜ਼ੀਵਨਾਂ ਦੀ ਉਹ ਅਹੂਤੀ ਦਿਤੀ ਕਿ ਸਦੀਵ ਲਈ ਜੁਗੋ ਜੁਗ ਕੁਰਬਾਨੀ ਵਾਲੀ ਖਾਲਸਾ ਕੌਮ ਦੀ ਕਾਇਮੀ ਦਾ ਧੁਰਵਾ ਬੱਝ ਗਿਆ।

[ਗੁਰਮਤਿ ਪ੍ਰਕਾਸ਼, ਪੰਨਾ ੧੦੯]



www.AKJ.Org

# ਅੰਮ੍ਰਿਤ ਛਕਣ ਦੇ ਲਾਭ

[ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

## [ਚੌਥੀ ਕਿਸ਼ਤ]

ਨੋਟ :—ਰਾਜ ਮੰਦਰੀ ਜੇਲ੍ਹ (ਆਂਧਰਾ ਪ੍ਰਦੇਸ਼) ਵਿਚ ਭਾਈ ਕਰਤਾਰ ਸਿੰਘ ਜੀ ਕੈਨੇਡੀਅਨ "ਅੰਮ੍ਰਿਤ ਕੀ ਹੈ" ਬਾਰੇ ਭਾਈ ਸਾਹਿਬ ਰਣਧੀਰ ਸਿੰਘ ਜੀ ਪਾਸੋਂ ਆਪਣੇ ਪ੍ਰਸ਼ਨਾਂ ਦੇ ਉਤਰ ਲੈ ਰਹੇ ਹਨ। ਪ੍ਰਸ਼ਨ ਕਰਨ ਵਾਲਾ "ਮੈਂ" ਭਾਈ ਕਰਤਾਰ ਸਿੰਘ ਜੀ ਕੈਨੇਡੀਅਨ ਹਨ। —ਸੰਪਾਦਕ

ਮੈਂ—ਆਮ ਲੋਕੀ ਇਹ ਆਖਦੇ ਹਨ ਕਿ ਇਸ ਦੁਨੀਆ ਵਿਚ ਨਾਮ ਜਪਣ ਦਾ ਕੀ ਲਾਹਾ ਹੈ ? ਜੇਕਰ ਮੁਕਤਿ ਮਰਨ ਪਿਛੋਂ ਹੀ ਮਿਲਦੀ ਹੈ ਤਾਂ ਮਰ ਕੇ ਮੁਕਤਿ ਮਿਲਣ ਦਾ ਲਾਭ ਹੀ ਕੀ ਹੈ ? ਜੈਸਾ ਕਿ ਭਗਤ ਨਾਮਦੇਵ ਜੀ ਦਾ ਵਾਕ ਹੈ :—

ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ ॥

ਮਲਾਰ ਨਾਮਦੇਉ ਜੀਉ, ਪੰਨਾ ੧੨੯੨

ਭਾਈ ਸਾਹਿਬ—ਸ਼ਾਇਦ ਤੇਰਾ ਵੀ ਇਹੋ ਖ਼ਿਆਲ ਹੋਵੇ ਕਿ ਇਸ ਦੁਨੀਆ ਵਿਚ ਤਾਂ ਕੋਈ ਸੁਖ ਨਹੀਂ ਲਭਾ, ਅਗਲੇ ਸੁਖ ਸੁਰਗ ਜਾਂ ਮੁਕਤਿ ਦੇ ਲਾਲਚ ਪਿਛੇ ਕਾਹਨੂੰ ਖਪ ਖ਼ਪ ਮਰੀਏ।

ਮੈਂ—ਨਹੀਂ ਜੀ, ਮੇਰੇ ਖ਼ਿਆਲਾਤ ਤਾਂ ਤੁਸਾਥੋਂ ਗੁਝੇ ਨਹੀਂ, ਪਰ ਕਈ ਸਾਥੀ ਅਜਿਹੇ ਪ੍ਰਸ਼ਨ ਉਠਾਉਂਦੇ ਸੁਣੇ ਹਨ।

ਭਾਈ ਸਾਹਿਬ—ਕੀ ਉਨ੍ਹਾਂ ਦਾ ਭਾਵ ਇਹ ਤਾਂ ਨਹੀਂ ਹੁੰਦਾ ਕਿ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਵਿਚ ਕੁਝ ਫ਼ਰਕ ਆਇਆ ਪ੍ਰਤੀਤ ਨਹੀਂ ਹੁੰਦਾ ਕਿ ਅੰਮ੍ਰਿਤ ਛਕੇ ਤੋਂ ਪਿਛੋਂ ਵੀ ਪਹਿਲੇ ਵਰਗੇ ਹੀ ਰਹੇ ਜਾਂ ਸੱਖ ਵਾਂਗੂ ਸਖਣੇ ਹੀ ਰਹੇ। ਸੋ ਭਾਈ ਗੁਰਦਾਸ ਜੀ ਦੇ ਸਮੇਂ ਵੀ ਅਜਿਹੇ ਪ੍ਰਸ਼ਨ ਉਠਾਏ ਜਾਂਦੇ ਰਹੇ, ਜੈਸਾ ਕਿ ਉਨ੍ਹਾਂ ਦੀ ਬਾਣੀ ਤੋਂ ਸਾਫ਼ ਪਤਾ ਲਗਦਾ ਹੈ—

ਖਾਂਡ ਖਾਂਡ ਕਹੈ ਜਿਹਬਾ ਨ ਸਾਦ ਮੀਠੋ ਆਵੈ, ਅਗਨਿ ਅਗਨਿ ਕਹੈ ਸੀਤ ਨ ਬਿਨਾਸ ਹੈ ॥<br>
ਬੈਦ ਬੈਦ ਕਹੈ ਰੋਗ ਮਿਟਤ ਨਾ ਕਾਹੂ ਕੋ, ਦ੍ਰਬ ਦ੍ਰਬ ਕਹੈ ਕੋਊ ਦ੍ਰਬਹਿ ਨ ਬਿਲਾਸ ਹੈ ॥<br>
ਚੰਦਨ ਚੰਦਨ ਕਹੈ ਪ੍ਰਗਟੈ ਨਾ ਸੁਬਾਸ ਬਾਸੁ, ਚੰਦ ਚੰਦ ਕਹੈ ਉਜੀਆਰੋ ਨ ਪ੍ਰਗਾਸ ਹੈ ॥<br>
ਤੈਸੇ ਗਯਾਨ ਗੋਸਟਿ ਕਰਤ ਨ ਰਹਤ ਪਾਵੈ, ਕਰਨੀ ਪ੍ਰਧਾਨ ਭਾਨ ਉਦਤਿ ਅਕਾਸ ਹੈ ॥੪੩੭॥

ਕਬਿਤ ਭਾਈ ਗੁਰਦਾਸ ਜੀ

ਉਪਰੋਕਤ ਮਹਾਂਵਾਕ ਵਿਚ ਪਹਿਲੇ ਛੇ ਉਦਾਹਰਨ ਹਨ, ਸਤਵੇਂ ਵਿਚ ਸਪੱਸ਼ਟ ਕਰ ਦਿਤਾ ਹੈ ਕਿ ਕੇਵਲ ਗਿਆਨ-ਗੋਸ਼ਟ ਨਾਲ ਹੀ ਉਪਰ ਦਸੇ ਗੁਣ ਵੇਖੇ ਪਾਏ ਨਹੀਂ ਜਾ ਸਕਦੇ, ਜਿੰਨਾ ਚਿਰ ਕਿ ਰਹਿਤ ਨਾ ਰਖੇ ਅਤੇ ਨਾਮ ਜਪਣ ਰੂਪੀ ਕਮਾਈ ਨਾ ਕਰੇ। ਏਸ ਕਬਿੱਤ ਵਿਚ ਜਿਥੇ ਭਾਈ ਸਾਹਿਬ ਨੇ ਇਹ ਦ੍ਰਿਸ਼ਟਾਂਤ ਦੇ ਕੇ ਸਮਝਾਇਆ ਹੈ ਕਿ ਨਿਰਾ ਕਥਨੀ ਨਾਲ ਕੁਝ ਪ੍ਰਾਪਤ ਨਹੀਂ ਹੁੰਦਾ, ਉਥੇ ਨਾਲ ਹੀ ਇਹ ਭੀ ਦਸਿਆ ਹੈ ਕਿ ਇਹ ਛੇ ਉਦਾਹਰਨਾਂ ਵਾਲੇ ਗੁਣ, ਨਾਮ ਜਪਣ ਨਾਲ ਪ੍ਰਾਪਤ ਹੋ ਜਾਂਦੇ ਹਨ, ਅਰਥਾਤ ਮਿਠਾਸ, ਸੁਗੰਧ, ਸੀਤਲਤਾ, ਪ੍ਰਕਾਸ਼ ਤੇ ਸਰੀਰਕ ਅਰੋਗਤਾ ਨਾਮ ਦੀ ਬਰਕਤ ਨਾਲ ਪ੍ਰਾਪਤ ਹੋ ਜਾਂਦੇ ਹਨ, ਭਾਵ ਨਾਮ ਜਪੇ, ਰਹਿਤ ਰਖੇ ਤਾਂ ਸੂਰਜ ਚੜ੍ਹੇ ਵਾਂਗੂ ਸਾਰੇ ਗੁਣਾਂ ਨੂੰ ਪ੍ਰਤੀਤ ਕਰ ਕੇ ਮੰਨਣਾ ਹੀ ਪਏਗਾ ਕਿ ਨਾਮ ਜਪੇ ਤੋਂ ਸਾਰੇ ਗੁਣ ਪ੍ਰਾਪਤ ਹੋ ਸਕਦੇ ਹਨ। ਕਥਨੀ ਨਿਸਫਲ ਹੈ, ਕਰਨੀ ਹੀ ਪਰਧਾਨ ਹੈ। ਨਾਮ ਜਪਣ ਦੀ ਕਮਾਈ ਇਕ ਖ਼ਾਸ ਬਿਧੀ ਪੂਰਬਕ ਸਾਧਨ ਹੈ, ਨਿਰੀ ਜ਼ਬਾਨ ਦੀ ਕਲਪਣਾ ਹੀ ਨਹੀਂ, ਜੈਸਾ ਕਿ ਕਈ ਚੁੰਚ-ਗਿਆਨੀ ਨਾਮ ਸਿਮਰਨ ਦੇ ਹੁਨਰ ਤੋਂ ਅਨਜਾਣ ਹੋਣ ਕਰਕੇ ਏਸ ਕੰਮ ਨੂੰ ਫ਼ਜ਼ੂਲ ਹੀ ਦਸਦੇ ਹਨ। ਭਾਈ ਗੁਰਦਾਸ ਜੀ ਨੇ ਉਪਰੋਕਤ ਮਹਾਂਵਾਕ ਦੁਆਰਾ ਪ੍ਰਗਟ ਕੀਤੇ ਛੇ ਗੁਣਾਂ



www.AKJ.Org

ਨੂੰ ਪ੍ਰਤੀਤ ਕਰਨ ਵਾਸਤੇ ਹਰ ਇਕ ਪ੍ਰਾਣੀ ਨੂੰ ਨਾਮ ਜਪਣ ਦੀ ਕਮਾਈ ਕਰ ਕੇ ਛੇ ਗੁਣਾਂ ਨੂੰ ਪ੍ਰਤੀਤ ਕਰਨ ਹਿਤ (Chellenge) ਦਿਤਾ ਹੈ। ਗੁਰੂ ਸਾਹਿਬ ਦਾ ਇਹ ਵਾਕ ਇਸ ਦੀ ਪ੍ਰੋੜ੍ਹਤਾ ਕਰਦਾ ਹੈ ਕਿ—

ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥
ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥੧॥ (੪॥੪॥੬)
ਗੂਜਰੀ ਮ: ੩, ਪੰਨਾ ੪੯੧

ਮੈਂ—ਆਦਮੀ ਦੁਨਿਆਵੀ ਪਦਾਰਥ ਮਾਇਆ ਖ਼ਰਚ ਕੇ ਖ਼ਰੀਦ ਕੇ ਕਿਉਂ ਨਾ ਇਹੋ ਹੀ ਗੁਣ ਮਿਠਾਸ, ਸੁਗੰਧ, ਸੀਤਲਤਾ, ਪ੍ਰਕਾਸ਼, ਅਰੋਗਤਾ, ਅਨੰਦ ਹੁਲਾਸ ਪ੍ਰਾਪਤ ਕਰ ਲਵੇ ? ਏਹਨਾਂ ਵਿਚ ਕੀ ਵਾਧਾ ਹੈ ਕਿ ਪ੍ਰਾਣੀ ਇਸ ਨੂੰ ਲਭਣ ਹਿਤ ਭੱਜਦਾ ਨੱਠਦਾ ਫਿਰੇ ਤੇ ਨਾਮ ਜਪਣ ਦੁਆਰਾ ਇਨ੍ਹਾਂ ਨੂੰ ਲਭਦਾ ਫਿਰੇ ?

ਭਾਈ ਸਾਹਿਬ—ਦੁਨਿਆਵੀ ਪਦਾਰਥਾਂ ਦੇ ਸੁਆਦ ਗੁਣ ਅਜਿਹੇ ਰਸ-ਦਾਇਕ ਨਹੀਂ ਹੁੰਦੇ। ਪਰਮਾਰਥੀ ਰਸ ਦੇ ਸੁਆਦ, ਅਨੰਦ, ਮਿਠਾਸ, ਸੀਤਲਤਾ, ਪ੍ਰਕਾਸ਼ ਆਦਿ ਦੀ ਤੁਲਨਾ ਦੁਨਿਆਵੀ ਰਸਾਂ ਨਾਲ ਨਹੀਂ ਬਣਦੀ।

## ਅੰਮ੍ਰਿਤ ਰਸ ਦੀ ਮਿਠਾਸ ਤੇ ਸੀਤਲਤਾ—

ਅੰਮ੍ਰਿਤ ਰਸ ਦੀ ਮਿਠਾਸ ਦਾ ਵਾਧਾ ਤਾਂ ਇਹ ਹੈ ਕਿ ਇਸ ਦਾ ਸੁਆਦ ਇਕੱਲੀ ਜੀਭ ਹੀ ਪ੍ਰਤੀਤ ਨਹੀਂ ਕਰਦੀ, ਇਸ ਮਿਠਾਸ ਨੂੰ ਜੀਭ ਉਤੇ ਰਖੇ ਤੋਂ ਬਿਨਾਂ ਸਰੀਰ ਦੇ ਸਾਰੇ ਅੰਗ ਰੋਮ ਰੋਮ ਪ੍ਰਤੀਤ ਕਰ ਸਕਦੇ ਹਨ। ਹਿਰਦੇ ਵਿਚ ਖੰਡ, ਸ਼ਹਿਦ, ਮਾਝੇ ਦੁੱਧ, ਮਿਠੇ ਫਲਾਂ ਨਾਲੋਂ ਵਿਲੱਖਣ ਮਿਠਾਸ ਵਾਲਾ ਸੁਆਦ ਪ੍ਰਤੀਤ ਕੀਤਾ ਜਾਂਦਾ ਹੈ। ਦੁਨਿਆਵੀ ਮਿਠੇ ਰਸ ਨੂੰ ਜਿੰਨਾ ਚਿਰ ਜੀਭ ਉਤੇ ਨਾ ਰਖੀਏ, ਮਿਠਾ ਸੁਆਦ ਨਹੀਂ ਆਉਂਦਾ, ਹਰ ਵਕਤ ਇਸ ਨੂੰ ਰਖਣਾ ਔਖਾ ਹੈ ਜਾਂ ਇਉਂ ਕਹੋ ਕਿ ਸਾਰਾ ਦਿਨ ਮਿਠਾ ਖਾ ਖਾ ਪ੍ਰਾਣੀ ਰੱਜ ਜਾਏਗਾ, ਬੀਮਾਰ ਹੋ ਜਾਏਗਾ। ਪਰ ਨਾਮ ਜਪਣ ਵਾਲਾ ਪ੍ਰਾਣੀ ਨਾਮ-ਅੰਮ੍ਰਿਤ ਨੂੰ ਜਿੰਨਾ ਜਪੇਗਾ ਓਨਾ ਹੀ ਰਸ ਵਧਦਾ ਜਾਏਗਾ ਅਤੇ ਪ੍ਰਾਣੀ ਰੋਗੀ ਹੋਣ ਦੇ ਥਾਉਂ ਅਰੋਗ ਅਤੇ ਅਮਰ ਹੋ ਜਾਏਗਾ। ਨਾਮ ਅਭਿਆਸੀ ਅੰਮ੍ਰਿਤ ਰਸ ਨੂੰ ਚੱਖਣ ਲਗਾ ਹਟਣਾ ਨਹੀਂ ਚਾਹੁੰਦਾ ਅਤੇ ਉਸ ਸਮੇਂ ਕਿਸੇ ਦੁਨਿਆਵੀ ਪਦਾਰਥ ਦੀ ਭੁਖ ਪ੍ਰਤੀਤ ਨਹੀਂ ਕਰਦਾ।

ਨਿੰਮ ਬਿਰਖੁ ਬਹੁ ਸੰਚੀਐ ਅੰਮ੍ਰਿਤ ਰਸੁ ਪਾਇਆ ॥
ਬਿਸੀਅਰੁ ਮੰਤ੍ਰਿ ਵਿਸਾਹੀਐ ਬਹੁ ਦੂਧੁ ਪੀਆਇਆ ॥
ਮਨਮੁਖੁ ਅਭਿੰਨੁ ਨ ਭਿਜਈ ਪਥਰੁ ਨਾਵਾਇਆ ॥
ਬਿਖੁ ਮਹਿ ਅੰਮ੍ਰਿਤੁ ਸਿੰਚੀਐ ਬਿਖੁ ਕਾ ਫਲੁ ਪਾਇਆ ॥
ਨਾਨਕ ਸੰਗਤਿ ਮੇਲਿ ਹਰਿ ਸਭ ਬਿਖੁ ਲਹਿ ਜਾਇਆ ॥੧੬॥ ਸਾਰੰਗ ਕੀ ਵਾਰ.ਮ: ੧, ਪੰਨਾ ੧੨੪੪
ਤੁੰਮੇ ਅੰਮ੍ਰਿਤੁ ਸਿੰਚੀਐ ਕਉੜਤਣ ਦੀ ਬਾਣਿ ਨ ਜਾਏ ॥੧੫॥ (੩੧) ਵਾਰਾਂ ਭਾਈ ਗੁਰਦਾਸ ਜੀ.

ਏਨ੍ਹਾਂ ਵਾਕਾਂ ਤੋਂ ਪਤਾ ਲਗਦਾ ਹੈ ਕਿ ਦੁਨਿਆਵੀ ਦੁੱਧ ਆਦਿ ਚੀਜ਼ਾਂ, ਜਿਨ੍ਹਾਂ ਨੂੰ ਅੰਮ੍ਰਿਤ ਕਰਕੇ ਮੰਨਿਆ ਗਿਆ ਹੈ, ਨਿੰਮ, ਸੱਪ ਆਦਿ ਨੂੰ ਮਿਠਾਸ ਨਹੀਂ ਬਖਸ਼ ਸਕਦੀਆਂ, ਪਰ ਸਤਿਗੁਰੂ ਦਾ ਅੰਮ੍ਰਿਤ ਸਭ ਦੀ ਜ਼ਹਿਰ ਤੇ ਕੁੜਤਣ ਦੂਰ ਕਰਨ ਨੂੰ ਸਮਰੱਥ ਹੈ। ਮਨੁੱਖਾਂ ਦਾ ਤਾਂ ਕਹਿਣਾ ਹੀ ਕੀ ਹੈ ! ਗੁਰੂ ਦੇ ਅੰਮ੍ਰਿਤ-ਬਚਨਾਂ ਤੇ ਅੰਮ੍ਰਿਤ-ਦ੍ਰਿਸ਼ਟੀ ਨਾਲ ਰੀਠੇ ਸਾਰਖੇ ਭੀ ਮਿਠੇ ਹੋ ਗਏ।

ਜਿਸ ਤਰ੍ਹਾਂ ਮਿਠੇ ਰਸ ਦੀ ਮਿਠਾਸ ਪ੍ਰਤੀਤ ਕੀਤੀ ਜਾਂਦੀ ਹੈ, ਮਿਠਾਸ ਦੇ ਸੰਗ ਸਾਥ ਹੀ ਠੰਢ ਵੀ ਪ੍ਰਤੀਤ ਕੀਤੀ ਜਾ ਸਕਦੀ ਹੈ। ਯਥਾ—

ਅੰਤਰੁ ਸੀਤਲੁ ਸਾਂਤਿ ਹੋਇ ਨਾਮੇ ਸੁਖੁ ਹੋਈ ॥੬॥ (੮॥੪॥੨੬)
ਆਸਾ ਮ: ੩ ਅਸਟ, ਪੰਨਾ ੪੨੪



www.AKJ.Org

ਅੰਤਰਿ ਸੀਤਲ ਸਾਤਿ ਵਸੈ ਜਪਿ ਹਿਰਦੈ ਸਦਾ ਸੁਖੁ ਹੋਇ ॥੧॥ (੯)

ਗੂਜਰੀ ਕੀ ਵਾਰ, ਸਲੋਕੁ ਮ: ੩, ਪੰਨਾ ੫੧੧

ਤ੍ਰਿਸਨਾ ਬੂਝੀ ਅੰਤਰੁ ਠੰਢਾ ॥ ਗੁਰ ਪੂਰੈ ਲੈ ਤੂਟਾ ਗੰਢਾ ॥੧੩॥

ਮਾਰੂ ਸੋਲਹੇ ਮ: ੫, ਪੰਨਾ ੧੦੭੪

ਛਾਤੀ ਸੀਤਲ ਮਨੁ ਤਨੁ ਠੰਢਾ ॥ ਜਨਮ ਮਰਣ ਕੀ ਮਿਟਵੀ ਡੰਝਾ ॥੧੦॥

ਮਾਰੂ ਸੋਲਹੇ ਮ: ੫, ਪੰਨਾ ੧੦੮੦

ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਮ ॥
ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ ॥੨॥

ਜੈਤਸਰੀ ਕੀ ਵਾਰ ਮ: ੫, ਪੰਨਾ ੭੦੯

ਦੁਨਿਆਵੀ ਪਦਾਰਥਾਂ ਨੂੰ ਖਾ ਖਾ ਅੱਕ ਅਤੇ ਰੱਜ ਜਾਈਦਾ ਹੈ, ਰਗੜ ਰਗੜ ਲੇਪ ਕਰ ਕਰ ਥੱਕ ਜਾਈਦਾ ਹੈ, ਫੇਰ ਵੀ ਹਿਰਦੇ ਦੀ ਤਪਸ਼ ਨਹੀਂ ਬੁਝ ਸਕਦੀ। ਸਰਦ ਰੁਤ ਦੀ ਸਰਦੀ, ਬਰਫ਼ ਦੀ ਸਰਦੀ ਆਦਮੀ ਨੂੰ ਠੰਢ ਨਾਲ ਮਾਰ ਸਕਦੀ ਹੈ, ਪਰ ਪਾਪਾਂ ਦੀ ਤਪਸ਼ ਨਾਲ ਸੜਦੇ ਹਿਰਦੇ ਨੂੰ ਠੰਢ ਨਹੀਂ ਪਾ ਸਕਦੀ। ਅੰਮ੍ਰਿਤ ਨਾਮ ਦੀ ਠੰਢਕ ਨਿਰਾ ਪੁਰਾ ਪਾਪਾਂ ਨਾਲ ਤਪਦੇ ਸੜਦੇ ਹਿਰਦੇ ਨੂੰ ਹੀ ਨਹੀਂ ਠਾਰਦੀ, ਭੱਠ ਵਿਚ ਬੈਠੇ ਗੁਰਸਿਖ ਬਿਧੀ ਚੰਦ ਨੂੰ ਭੱਠ ਦੀ ਤਪਦੀ ਅਗਨ ਭੀ ਨਹੀਂ ਪੋਹਣ ਦਿੰਦੀ। ਗੁਰਸਿਖਾਂ ਤਾਈਂ ਦੇਗਾਂ ਦੇ ਉਬਾਲੇ ਅਤੇ ਸਿਰ ਉਤੇ ਚਲਦੇ ਆਰਿਆਂ ਦੇ ਦੁਖ ਤਪਸ਼ ਅਤੇ ਘਾਉ ਪ੍ਰਤੀਤ ਨਹੀਂ ਹੋਣ ਦੇਂਦੀ। ਇਹੀ ਕਾਰਨ ਹਨ ਕਿ ਗੁਰਬਾਣੀ ਵਿਚ ਦੁਨਿਆਵੀ ਪਦਾਰਥਾਂ ਤੋਂ ਉਤਪੰਨ ਹੋਈ ਠੰਢ ਨੂੰ ਨਾਮ ਅਭਿਆਸ ਨਾਲ ਉਪਜੀ ਠੰਢਕ ਤੋਂ ਨੀਵਾਂ ਦਸਿਆ ਗਿਆ ਹੈ। ਅੰਮ੍ਰਿਤ ਨਾਮ ਤੋਂ ਉਤਪੰਨ ਹੋਈ ਠੰਢ ਵਿਚ ਇਕ ਹੋਰ ਵਾਧਾ ਹੈ, ਜਿਥੇ ਇਹ ਤਪਸ਼ ਤੋਂ ਬਚਾਉਂਦੀ ਹੈ, ਭਾਵ ਅੱਗ ਦੀ ਤਪਸ਼ ਪ੍ਰਤੀਤ ਨਹੀਂ ਹੋਣ ਦਿੰਦੀ, ਉਥੇ ਬਰਫ਼ ਆਦਿਕ ਸਰਦੀਆਂ ਦੀ ਠੰਢ ਭੀ ਪ੍ਰਤੀਤ ਨਹੀਂ ਹੋਣ ਦਿੰਦੀ।

**ਨਾਮ ਰਸ ਦੀ ਆਤਮਕ ਸੁਗੰਧੀ—**

ਨਾਮ ਰਸ ਤੋਂ ਪ੍ਰਾਪਤ ਹੋਈ ਸੁਗੰਧ ਵੀ ਐਸੀ ਉੱਤਮ ਹੁੰਦੀ ਹੈ ਕਿ ਦੁਨੀਆ ਦੀ ਕੋਈ ਸੁਗੰਧ ਇਸ ਦਾ ਮੁਕਾਬਲਾ ਨਹੀਂ ਕਰ ਸਕਦੀ। ਦੁਨਿਆਵੀ ਕਸਤੂਰੀ, ਬਾਵਨ ਚੰਦਨ ਤੋਂ ਵਧ ਕੇ ਸੁਗੰਧ ਨਾਮ ਅਭਿਆਸੀ ਵਿਚ ਪੈਦਾ ਹੋ ਜਾਂਦੀ ਹੈ ਕਿ ਦੁਰਗੰਧ, ਸੜਿਹਾਨ, ਜਿਸ ਨੂੰ ਕਸਤੂਰੀ ਚੰਦਨ ਦੀ ਲਾਗ ਦੂਰ ਨਹੀਂ ਕਰ ਸਕਦੀ, ਨਾਮ ਅਭਿਆਸੀ ਲਈ ਸਭ ਦੁਰਗੰਧ ਸੁਗੰਧ ਵਿਚ ਬਦਲ ਜਾਂਦੀ ਹੈ। ਇਸ ਦਾ ਇਹ ਭਾਵ ਨਹੀਂ ਕਿ ਨਾਮ ਅਭਿਆਸੀ ਵਿਚੋਂ ਦੁਰਗੰਧ ਸੁਗੰਧ ਪਰਖਣ ਦੀ ਸ਼ਕਤੀ ਉਡ ਜਾਂਦੀ ਹੈ। ਸੁੰਘਣ-ਸ਼ਕਤੀ ਤਾਂ ਆਮ ਪ੍ਰਾਣੀਆਂ ਵਾਲੀ ਕਾਇਮ ਹੀ ਰਹਿੰਦੀ ਹੈ, ਪਰ ਅੰਦਰ ਐਨੀ ਸੁਗੰਧ ਪੈਦਾ ਹੋ ਜਾਂਦੀ ਹੈ ਕਿ ਕੋਈ ਦੁਰਗੰਧ ਨਾਸਾਂ ਤਾਈਂ ਪੁਜ ਹੀ ਨਹੀਂ ਸਕਦੀ। ਜੈਸਾ ਕਿ—

ਨਾਮੈ ਸੁਰਤਿ ਵਜੀ ਹੈ ਦਹਦਿਸਿ ਹਰਿ ਮੁਸਕੀ ਮੁਸਕ ਗੰਧਾਰੇ ॥
ਅੰਤਰਿ ਵਾਸੁ ਬਹੁਤੁ ਮੁਸਕਾਈ ਭ੍ਰਮਿ ਭੂਲਾ ਮਿਰਗੁ ਸਿੰਙਾਰੇ ॥

ਨਟ ਅਸਟ: ਮ: ੪, ਪੰਨਾ ੯੮੧-੮੨

ਜਨੁ ਨਾਨਕੁ ਮੁਸਕਿ ਝਕੋਲਿਆ ਸਭੁ ਜਨਮੁ ਧੰਨੁ ਧੰਨਾ ॥ ਆਸਾ ਛੰਤ ਮ: ੪, ਪੰਨਾ ੪੪੮

**ਜੋਤਿ ਪ੍ਰਕਾਸ਼—**

ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ ॥੧॥ (੨॥੩॥੪)

ਜੈਤਸਰੀ ਮ: ੫, ਪੰਨਾ ੭੦੦

ਸਾਂਤਿ ਸਹਜ ਸੂਖ ਮਨਿ ਉਪਜਿਓ ਕੋਟਿ ਸੂਰ ਨਾਨਕ ਪਰਗਾਸ ॥ (੨॥੫॥੨੪)

ਟੋਡੀ ਮ: ੫, ਪੰਨਾ ੭੧੭



www.AKJ.Org

ਆਵੈ ਨ ਜਾਵੈ ਚੂਕੈ ਆਸਾ ॥ ਗੁਰ ਕੈ ਸਬਦਿ ਕਮਲੁ ਪਰਗਾਸਾ ॥੭॥ (੮॥੭)
ਗਉੜੀ ਮ: ੧, ਪੰਨਾ ੨੨੪

ਹਿਰਦੈ ਕਮਲੁ ਪਰਗਾਸਿਆ ਜੋਤੀ ਜੋਤਿ ਮਿਲਾਇ...॥੨੫॥
ਸਲੋਕ ਵਾਰਾਂ ਤੇ ਵਧੀਕ, ਮ: ੪, ਪੰਨਾ ੧੪੨੩-੨੪

ਗੁਰ ਕੈ ਸਬਦਿ ਕਮਲੁ ਪਰਗਾਸਿਆ ਹਉਮੈ ਦੁਰਮਤਿ ਖੋਈ...॥੨॥ (੪॥੫)
ਪ੍ਰਭਾਤੀ ਮ: ੩, ਪੰਨਾ ੧੩੩੪

ਭਇਓ ਪ੍ਰਗਾਸੁ ਸਦਾ ਸੁਖੁ ਮਨ ਮਹਿ ਸਤਿਗੁਰੁ ਪੂਰਾ ਪਾਇਓ ॥੧॥ਰਹਾਉ॥ (੪॥੪)
ਧਨਾਸਰੀ ਮ: ੫, ਪੰਨਾ ੬੭੧

ਉਪਰੋਕਤ ਗੁਰਵਾਕਾਂ ਤੋਂ ਸਿਧ ਹੁੰਦਾ ਹੈ ਕਿ ਸਤਿਗੁਰੂ ਮਿਲੇ ਤੋਂ ਗੁਰਸਬਦ ਦੁਆਰਾ ਪ੍ਰਗਾਸ ਹੁੰਦਾ ਹੈ ਤੇ ਪ੍ਰਕਾਸ਼ ਕਰੋੜਾਂ ਹੀ ਸੂਰਜਾਂ ਨਾਲੋਂ ਜ਼ਾਸਤੀ ਪ੍ਰਤੀਤ ਹੁੰਦਾ ਹੈ, ਭਾਵ ਸੂਰਜ ਉਸ ਦੇ ਮੁਕਾਬਲੇ ਜੁਗਨੂੰ ਵੀ ਨਹੀਂ। ਗੱਲ ਕੀ, ਇਸ ਪ੍ਰਗਾਸ ਵਾਲੇ ਪ੍ਰਾਣੀ ਦੀ ਦਿੱਬ-ਦ੍ਰਿਸ਼ਟੀ ਨੂੰ ਦੁਨਿਆਵੀ ਪਦਾਰਥ, ਨਰਕ, ਸੁਰਗ, ਦੇਵੀ ਦੇਵਤੇ, ਪਹਾੜਾਂ, ਕੰਧਰਾਂ, ਕੰਵਲ-ਪ੍ਰਗਾਸੀ-ਪ੍ਰਾਣੀ ਦੀ ਅਕਾਲੀ ਦ੍ਰਿਸ਼ਟੀ ਨੂੰ ਕੋਈ ਚੀਜ਼ ਰੋਕ ਨਹੀਂ ਸਕਦੀ, ਉਹ ਸਭ ਕੁਝ ਵੇਖ ਸਕਦਾ ਹੈ। ਪ੍ਰਕਾਸ਼ੀ ਅੱਖਾਂ ਤੋਂ ਛੋਟੀ ਤੋਂ ਛੋਟੀ ਕੀੜੀ ਨਹੀਂ ਲੁਕ ਸਕਦੀ। ਅਕਾਲੀ ਸ਼ਕਤੀਆਂ ਅੱਜ ਕਲ੍ਹ ਦੀਆਂ ਸਾਰੀਆਂ ਨਵੀਨ ਅਤੇ ਪੁਰਾਤਨ ਕਾਢਾਂ ਐਕਸਰੇਜ਼, ਰੇਡੀਓ, ਟੈਲੀਫ਼ੂਨ, ਵਾਇਰਲੈਸ, ਹਵਾਈ ਜਹਾਜ਼ਾਂ ਤੋਂ ਚੰਗਾ ਕੰਮ ਦੇਂਦੀਆਂ ਹਨ, ਇਸ ਤੋਂ ਜ਼ਾਸਤੀ ਹੋਰ ਕੀ ਲਾਹਾ ਲਭਣਾ ਚਾਹੁੰਦੇ ਹੋ ? ਇਸੇ ਤਰ੍ਹਾਂ 'ਸਰਬ ਰੋਗ ਕਾ ਅਉਖਦੁ ਨਾਮੁ'* ਦੇ ਵਾਕ ਅਨੁਸਾਰ ਨਾਮ ਮਾਨਸਿਕ ਤੇ ਸਰੀਰਕ ਰੋਗਾਂ, ਆਧੀ ਬਿਆਧੀ ਉਪਾਧੀ ਦੁਖ ਨੂੰ ਦੂਰ ਕਰਨ ਦੇ ਸਮਰੱਥ ਹੈ।

ਸਾਰ ਸਿੱਟਾ ਇਹ ਨਿਕਲਿਆ ਕਿ 'ਅੰਮ੍ਰਿਤ' ਨਾਮ ਹੈ, ਇਹ ਨਾਮ ਸਤਿਨਾਮ ਹੈ, ਜੋ ਕੇਵਲ ਗੁਰੂ ਨਾਨਕ ਦੇਵ ਜੀ ਦੇ ਘਰ ਤੋਂ ਹੀ ਪ੍ਰਾਪਤ ਹੁੰਦਾ ਹੈ, ਅਥਵਾ ਇਉਂ ਸਮਝੋ ਕਿ ਵਿਧੀ ਅਨੁਸਾਰ ਅੰਮ੍ਰਿਤ ਛਕਾਉਣਾ ਜਗਿਆਸੂ ਨੂੰ ਨਾਮ ਦਾ ਰੰਗ ਚਾੜ੍ਹਨ ਲਈ ਪਾਹ ਦੇਣ ਹੈ, ਕਿਉਂਕਿ ਪਾਹ ਦਿਤੇ ਬਿਨਾਂ ਕੋਰੇ ਕਪੜੇ ਵਾਂਗ ਕੋਰੇ ਹਿਰਦੇ ਪਰ ਰੰਗ ਨਹੀਂ ਚੜ੍ਹਦਾ, ਜਿਹਾ ਕਿ ਗੁਰਵਾਕ ਹੈ—

ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥
ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ ॥੧॥ (੧੧)
ਆਸਾ ਕੀ ਵਾਰ, ਮ: ੧, ਪੰਨਾ ੪੬੮

ਜਦ ਇਸ ਵਾਕ ਅਨੁਸਾਰ ਅੰਮ੍ਰਿਤ ਛਕਣ ਦੁਆਰਾ ਪਾਹੁ ਚੜ੍ਹ ਜਾਂਦਾ ਹੈ, ਤਦ ਨਾਮ ਦੀ ਅਤੁਟ ਕਮਾਈ ਅਰਥਾਤ ਭਗਤੀ ਕਰਨ ਨਾਲ ਰੰਗ ਚੜ੍ਹਦਾ ਹੈ ਤੇ "ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ"† ਵਾਕ ਅਨੁਸਾਰ ਭਗਤੀ ਵਿਚ ਲਗਣ ਨਾਲ ਕੂੜ ਦਾ ਨਾਸ਼ ਹੋ ਕੇ ਸੱਚ ਦਾ ਪ੍ਰਕਾਸ਼ ਹੁੰਦਾ ਹੈ। ਫੇਰ ਇਉਂ ਸਿਦਕ-ਭਾਵਨਾ ਨਾਲ ਕੀਤੀ ਨਾਮ ਦੀ ਅਤੁਟ ਕਮਾਈ ਦੁਆਰਾ ਲੋਕ ਪਰਲੋਕ ਦੇ ਸਭੇ ਸੁਖ ਪ੍ਰਾਪਤ ਹੁੰਦੇ ਹਨ ਤੇ ਗੁਰਸਿਖ ਏਸ ਅਵਸਥਾ ਨੂੰ ਪਹੁੰਚਦਾ ਹੈ—

ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥ ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥੪॥ (੨੨)
ਗਉੜੀ ਸੁਖਮਨੀ ਮ: ੫, ਪੰਨਾ ੨੯੨

["ਅੰਮ੍ਰਿਤ ਕੀ ਹੈ" ਟਰੈਕਟ ਵਿਚੋਂ

* ਗਉੜੀ ਸੁਖਮਨੀ ਮ: ੫, ॥੫॥(੯), ਪੰਨਾ ੨੭੪, † ਆਸਾ ਕੀ ਵਾਰ, ਮ: ੧, ਪੰਨਾ ੪੬੮



www.AKJ.Org

# ਖੰਡੇ-ਕੀ-ਬੇਲਾ-ਆਈ

[ਭਾਈ ਰਾਮ ਸਿੰਘ ਜੀ ਸੁਕੇਡਰਨ ਲੀਡਰ ਰੀਟਾਇਰਡ]

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ, ਸਰਬ ਸੁਭ ਕਾਮਨਾਵਾਂ ਪੂਰਨ ਕਰਨਹਾਰੀ, ਸਰਬ ਸੁਖਾਂ ਦੀ ਦਾਤੀ, ਹਰ ਪ੍ਰਾਣੀ ਦੀਆਂ ਜੋਦੜੀਆਂ ਸੁਣਨਹਾਰੀ ਅਤੇ ਸਭ ਦੀਆਂ ਬਿਗੜੀਆਂ ਨੂੰ ਸੰਵਾਰਨ-ਹਾਰੀ ਹੈ। ਏਹੀ ਕਾਰਨ ਹੈ ਕਿ ਗੁਰ-ਅਸਥਾਨਾਂ ਉਤੇ ਹਰ ਜਾਤੀ ਦੇ ਪ੍ਰਾਣੀ ਭਾਰੀ ਗਿਣਤੀ ਵਿਚ ਸੁੱਖਣਾ ਸੁਖਦੇ, ਮੱਥੇ ਟੇਕਦੇ, ਅਰਦਾਸਾਂ ਕਰਾਉਂਦੇ ਅਤੇ ਕਈ ਪ੍ਰਕਾਰ ਦੀਆਂ ਚਲ ਰਹੀਆਂ ਸੇਵਾਵਾਂ ਵਿਚ ਆਪਣਾ ਯੋਗਦਾਨ ਪਾਉਂਦੇ ਦੇਖੀਦੇ ਹਨ। ਕੀ ਅੰਮ੍ਰਿਤਧਾਰੀ ਅਤੇ ਕੀ ਬੇ-ਅੰਮ੍ਰਿਤੀਏ, ਸਭ ਗੁਰੂ ਘਰੋਂ ਮੁਰਾਦਾਂ ਪਾਉਂਦੇ ਦੇਖਣ ਸੁਣਨ ਵਿਚ ਆਉਂਦੇ ਹਨ। ਕਈ ਹਿੰਦੂ ਘਰਾਣੇ ਭੀ ਗੁਰਬਾਣੀ ਦੇ ਅਖੰਡ ਪਾਠ ਬੜੀ ਸ਼ਰਧਾ ਨਾਲ ਕਰਾਉਂਦੇ ਸੁਣੀਦੇ ਹਨ।

ਇਹ ਸਭ ਜਗਤ-ਗੁਰੂ-ਨਾਨਕ ਸਾਹਿਬ ਜੀ ਦੀ ਵਡਿਆਈ ਹੈ। ਗੁਰੂ ਸਾਹਿਬ ਜੀ ਨੇ ਸਭ ਧਰਤੀ ਦਾ ਰਟਨ ਕੀਤਾ, ਅਤੇ ਓਥੋਂ ਦਿਆਂ ਵਸਨੀਕਾਂ ਨੂੰ ਰੱਬੀ ਰਾਹ ਉਤੇ ਚੱਲਣ ਅਤੇ ਪਵਿੱਤਰ ਧਰਮੀ ਜੀਵਨ ਬਤੀਤ ਕਰਨ ਲਈ ਉਪਦੇਸ਼ ਦਿੱਤਾ। ਗੁਰੂ ਸਾਹਿਬ ਜੀ ਨੇ ਮਨੁਖ ਜਾਤੀ ਦੀ ਸਦੀਵੀ ਅਗਵਾਈ ਲਈ, ਗੁਪਤੀ ਬਾਣੀ ਨੂੰ ਪ੍ਰਗਟ ਕਰ ਕੇ ਅਸਥਾਪਤ ਕੀਤਾ। ਅਤੇ ਇਸ ਬਾਣੀ ਦੇ ਆਧਾਰ ਤੇ.ਚਲਣ ਵਾਲੇ ਨੂੰ "ਗੁਰਸਿਖੁ" ਕਹਿਆ।

ਜੇ ਰੱਬ ਕੋਈ ਖ਼ਾਸ ਰੂਪ ਧਾਰ ਕੇ ਕਿਸੇ ਪ੍ਰਾਣੀ ਦੇ ਸਾਹਮਣੇ ਆ ਖੜਾ ਹੋਵੇ ਅਤੇ ਉਸ ਨੂੰ ਕਹੇ ਕਿ, "ਜੇ ਤੂੰ ਮੇਰਾ ਮਿਲਾਪ ਚਾਹੁੰਦਾ ਹੈਂ ਤਾਂ ਮੇਰੇ ਵਾਲਾ ਰੂਪ ਧਾਰਨ ਕਰ ਲੈ।" ਇਤਨੀ ਗੱਲ ਕਹਿ ਕੇ ਰੱਬ ਅਲੋਪ ਹੋ ਜਾਏ, ਅਤੇ ਸੁਣਨ ਵਾਲਾ ਰੱਬ ਦੀ ਗੱਲ ਗੌਲੇ ਹੀ ਨਾ, ਤਾਂ ਉਸ ਪ੍ਰਾਣੀ ਦੇ ਇਸ ਤੋਂ ਜ਼ਿਆਦਾ ਮਾੜੇ ਭਾਗ ਹੋਰ ਕੀ ਹੋ ਸਕਦੇ ਹਨ ?

ਰੱਬ ਨੇ 'ਉਪਰ ਦਰਸਾਈ ਗੱਲ', ਕਲਗੀਧਰ ਪਾਤਸ਼ਾਹ ਜੀ ਦੇ ਰੂਪ ਵਿਚ ਕਲਜੁਗੀ ਜੀਵਾਂ ਨੂੰ ਆਖੀ। ਅਤੇ ਇਸ ਦੇ ਨਾਲ ਹੀ ਕਹਿ ਦਿੱਤਾ ਕਿ, "ਮੈਂ ਇਸ ਰੂਪ ਨੂੰ ਧਾਰਨ ਵਾਲਿਆਂ ਵਿਚ ਹੀ ਆਪਣਾ ਨਿਵਾਸ ਰੱਖਦਾ ਹਾਂ"। ਤਾਂ ਤੇ ਕਲਗੀਧਰ ਪਾਤਸ਼ਾਹ ਜੀ ਦੇ ਰੂਪ ਨੂੰ ਧਾਰਨ ਕਰਨ ਦੀ ਮਹਿਮਾ ਅਕੱਥ ਹੈ।

ਬੇਸ਼ਕ, ਗੁਰਬਾਣੀ ਹਰ ਪ੍ਰਾਣੀ ਦੀਆਂ ਮਨੋ-ਕਾਮਨਾਂ ਪੂਰੀਆਂ ਕਰਨ ਲਈ ਸਮਰੱਥ ਹੈ, ਪਰ ਸਾਡੀ ਆਤਮਕ ਕਲਿਆਣ ਹਿੱਤ ਕਲਗੀਧਰ ਜੀ ਦਾ "ਖ਼ਾਸ ਰੂਪ (ਖਾਲਸਾ ਰੂਪ) ਧਾਰਨ ਕਰਨਾ ਪਰਮ ਜ਼ਰੂਰੀ ਹੈ। ਅਤੇ ਇਹ ਰੂਪ ਖੰਡੇ ਦੀ ਪਾਹੁਲ ਲੈ ਕੇ ਹੀ ਧਾਰਨ ਕੀਤਾ ਜਾ ਸਕਦਾ ਹੈ। ਕਲਜੁਗੀ ਜੀਵਾਂ ਨੂੰ ਤਾਂ ਖਾਲਸਾ ਰੂਪ ਦਾ ਕੋਈ ਥਹੁ-ਪਤਾ ਹੀ ਨਹੀਂ ਸੀ ਕਿ ਇਹ ਕਿਸ ਚੀਜ਼ ਦਾ ਨਾਮ ਹੈ ਅਤੇ ਇਸ ਦੀ ਕੀ ਲੋੜ ਹੈ। ਕਲਜੁਗੀ ਜੀਵਾਂ ਨੂੰ ਇਹ ਰੂਪ ਧਾਰੇ ਬਿਨਾਂ ਹਰਿ-ਦਰਗਹਿ ਢੋਈ ਨਹੀਂ ਮਿਲ ਸਕਦੀ ਹੋਵੇਗੀ। ਤਾਹੀਓਂ ਹੀ ਤਾਂ ਹਰਿ ਦਰਗਹਿ ਦੇ ਮਾਲਕ ਨੇ ਸਾਨੂੰ ਇਹ ਰੂਪ ਧਾਰਨ ਕਰਨ ਲਈ ਕਿਹਾ ਹੈ। "ਹਰਿ-ਦਰਗਹ-ਗੁਰਸਿਖ-ਪੈਨਾਈਅਹਿ"*। ਹੋਰ ਕਿਸੇ ਨੂੰ ਭੀ ਹਰਿ ਦਰਗਹਿ ਰਸਾਈ ਨਹੀਂ, ਕੇਵਲ ਗੁਰਸਿਖਾਂ ਨੂੰ ਹੀ ਹਰਿ ਦਰਗਹਿ ਢੋਈ ਮਿਲਦੀ ਹੈ।

ਜੇ ਕਲਗੀਧਰ-ਰੂਪ-ਬਿਹੂਨ ਕੰਮ ਸਰ ਸਕਦਾ ਹੁੰਦਾ, ਫਿਰ ਤਾਂ ਗੁਰਬਾਣੀ ਹੀ ਕਾਫ਼ੀ ਸੀ। ਜਿਸ ਦਾ ਜਿਵੇਂ ਜੀਅ ਕਰਦਾ, ਇਸ ਨੂੰ ਪੜ੍ਹ ਸੁਣ ਲੈਂਦਾ। ਅਤੇ ਹਰ ਕੋਈ ਆਪਣੇ ਆਪ ਨੂੰ ਸਿਖ ਅਖਵਾਈ ਫਿਰਦਾ। ਰੱਬ ਦਾ ਨਾਮ ਭੀ ਆਪਣੀ ਮਰਜ਼ੀ ਨਾਲ ਜਿਵੇਂ ਜੀਅ ਕਰਦਾ, ਜਪ ਲੈਂਦਾ, ਅਤੇ ਰੱਬ ਨੂੰ ਪ੍ਰਾਪਤ ਹੋ ਜਾਂਦਾ। ਕਿਸੇ ਨੂੰ ਖਾਲਸਈ ਰਹਿਤ ਦੇ ਝੰਬੇਲੇ ਵਿਚ ਪੈਣ ਦੀ ਲੋੜ ਹੀ ਨਹੀਂ ਸੀ। ਗੱਲ ਤਾਂ ਆਖ਼ਰ ਨਾਮ ਜਪਣ ਅਤੇ ਬਾਣੀ ਪੜ੍ਹਨ ਸੁਣਨ ਦੀ ਹੀ ਸੀ ਨਾ ! ਕਲਗੀਧਰ-ਰੂਪ ਬਿਹੂਨ ਇਹ ਬੜਾ ਹੀ ਸੌਖਾ ਰਸਤਾ ਸੀ। ਇਸ ਤਰ੍ਹਾਂ ਹਾਰੀ ਸਾਰੀ ਨੇ ਹੀ ਸਿੱਖ ਬਣ ਸਕਣਾ ਸੀ ਅਤੇ ਬਣੇ ਫਿਰਨਾ ਸੀ। ਪਰ ਪੂਰੇ ਗੁਰੂ ਨੇ ਇੰਜ ਹੋਣ ਨਹੀਂ ਦਿੱਤਾ। ਉਸ ਨੇ ਗੁਰਸਿਖਾਂ ਨੂੰ ਹੀ ਹਰਿ ਦਰਗਹਿ ਪ੍ਰਵਾਨ ਕਰਨਾ ਸੀ, ਅਤੇ ਇਨ੍ਹਾਂ ਦਾ ਗਾਵਿਆ ਸੁਣਿਆ ਹੀ ਥਾਇ ਪਾਉਣਾ ਸੀ।

* ਆਸਾ ਮਹਲਾ ੪ ਛੰਤ, ਪੰਨਾ ੪੫੧



www.AKJ.Org

ਰੱਬ ਦੀ ਮਰਜ਼ੀ ਅਗੇ ਤਾਂ ਕਿਸੇ ਦੀ ਹੁੱਜਤ ਨਹੀਂ ਨਾ ਚਲਦੀ ! ਉਸ ਨੇ ਪੰਜਾਂ ਨੂੰ ਸਾਜ ਕੇ ਖੰਡੇ ਦੀ ਪਾਹੁਲ ਜਾਰੀ ਕੀਤੀ, ਅਤੇ ਰਹਿੰਦੀ ਦੁਨੀਆ ਤੱਕ ਖਾਲਸੇ ਦੀ ਸਾਜਨਾ ਜਾਰੀ ਰੱਖਣ ਦਾ ਸਿਲਸਿਲਾ ਪੰਜਾਂ ਦੇ ਹੱਥ ਦੇ ਦਿੱਤਾ।

ਗੁਰਬਾਣੀ ਅਨੁਸਾਰ ਨਾਮ ਜਪੇ ਬਿਨਾਂ ਪ੍ਰਮਾਤਮਾ ਦਾ ਮਿਲਾਪ ਨਹੀਂ ਹੋ ਸਕਦਾ । ਗੁਰ-ਦੀਖਿਅਤ ਹੋਏ ਬਿਨਾਂ ਨਾਮ ਦੀ ਪ੍ਰਾਪਤੀ ਨਹੀਂ ਹੋ ਸਕਦੀ। ਖੰਡੇ ਦੀ ਪਾਹੁਲ ਲਏ ਬਿਨਾਂ ਗੁਰ-ਦੀਖਿਅਤ ਨਹੀਂ ਹੋਇਆ ਜਾ ਸਕੀਦਾ। ਖੰਡੇ ਦੀ ਪਾਹੁਲ ਕੇਵਲ ਪੰਚ-ਪਰਵਾਨੇ ਪੰਜ ਪਿਆਰੇ ਹੀ ਦੇ ਸਕਦੇ ਹਨ। ਅਤੇ ਪੰਜ ਪਿਆਰੇ ਖਾਲਸਈ ਰਹਿਤ ਦ੍ਰਿੜ੍ਹਾਏ ਬਿਨਾਂ ਖੰਡੇ ਦੀ ਪਾਹੁਲ ਬਖਸ਼ਦੇ ਨਹੀਂ । ਇਸ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ, ਕਿ ਖਾਲਸਈ ਰਹਿਤ, ਗੁਰਬਾਣੀ ਅੰਦਰ ਲੁਪਤ ਤੌਰ ਤੇ ਦ੍ਰਿੜ੍ਹਾਈ ਪਈ ਹੈ। ਇਸ ਰਹਿਤ ਨੂੰ ਪਰਗਟ ਕਰਨ ਦਾ ਹੱਕ ਕੇਵਲ ਪੰਜ ਪਿਆਰਿਆਂ ਨੂੰ ਹੀ ਬਖ਼ਸ਼ਿਆ ਹੋਇਆ ਹੈ ।

ਗੁਰ-ਦੀਖਿਅਤ ਹੋਣਾ, ਗੁਰਮੰਤ੍ਰ ਲੈਣਾ, ਨਾਮ ਲੈਣਾ, ਗੁਰ-ਸ਼ਬਦ ਸੁਣਨਾ, ਗੁਰ-ਬਚਨ ਸੁਣਨਾ, ਸਤਿਗੁਰ ਨੇ ਸ਼ਬਦ ਸੁਣਾਉਣ, ਗੁਰੂ ਦਾ ਦਰਸ਼ਨ ਕਰਨਾ, ਗੁਰੂ ਦੇਖਣਾ, ਗੁਰੂ ਮਿਲਣਾ, ਗੁਰੂ ਭੇਟਣਾ, ਪੂਰਾ ਸਤਿਗੁਰ ਭੇਟਣਾ, ਗੁਰੂ ਨੂੰ ਸਾਖੀ ਬਨਾਉਣਾ, ਗੁਰੂ ਕਰਨਾ, ਗੁਰੂ ਦੇ ਘਰ ਜਨਮ ਲੈਣਾ, ਸਾਧੂ ਪਰਸਣਾ, ਸਾਧੂ ਦਾ ਸੰਗ ਕਰਨਾ, ਗੁਰਮੁਖਿ ਹੋਣਾ, ਗੁਰ ਚਰਨੀ ਲਗਣਾ, ਇਤਆਦਿ ਇਹ ਸਭ ਇਸ਼ਾਰੇ ਲੜੀਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛੱਤਰ ਛਾਇਆ ਹੇਠ ਪਰਵਾਨੇ ਪੰਜਾਂ ਪਿਆਰਿਆਂ ਪਾਸੋਂ ਖੰਡੇ ਦੀ ਪਾਹੁਲ ਲੈਣ ਵੱਲ ਹੀ ਹਨ।

ਏਸੇ ਤਰ੍ਹਾਂ ਗੁਰਮੰਤ੍ਰ ਹੀਣਸ, ਨਾਮ ਹੀਣ, ਨਾਮ ਬਿਹੂਨ, ਸ਼ਬਦ ਬਿਹੂਨ, ਗੁਰਮੰਤ੍ਰ ਹੀਣ, ਨਿਗੁਰਾ, ਬਾਝ ਗੁਰੂ, ਬਿਨ ਸਾਧ, ਬਿਨ ਸਾਧੂ, ਗੁਰ ਦਰਸ ਬਿਹੂਨ, ਮਨਮੁਖਿ, ਗੁਰੂ ਨਾ ਕਰਨਾ, ਗੁਰੂ ਨਾ ਦੇਖਣਾ, ਗੁਰਬਚਨ ਨਾ ਸੁਣਨਾ, ਗੁਰੂ ਤੋਂ ਮੂੰਹ ਫੇਰਨਾ, ਇਤਆਦਿ ਇਹ ਸਭ ਇਸ਼ਾਰੇ ਬੇ-ਅੰਮ੍ਰਿਤੀਏ ਹੋਏ ਰਹਿਣ ਵੱਲ ਹੀ ਹਨ।

ਕਲਗੀਧਰ ਪਾਤਸ਼ਾਹ ਜੀ ਨੇ ਪੰਜਾਂ ਪਿਆਰਿਆਂ ਨੂੰ ਉਹ ਸਾਬਤ ਸੂਰਤ (ਜਟਾ-ਜੂਟ) ਕਛ-ਕੜਾ-ਕੰਘਾ-ਕਿਰਪਾਨ-ਦਮਾਲਾ-ਸਜਾਰੀ ਰੂਪ ਬਖਸ਼ਿਆ, ਜੋ ਉਨ੍ਹਾਂ ਦਾ ਆਪਣਾ ਰੂਪ ਸੀ। ਅਤੇ ਪੰਜ ਪਿਆਰਿਆਂ ਨੇ ਓਸੇ ਬਿਧੀ ਅਨੁਸਾਰ ਕਲਗੀਧਰ ਜੀ ਦੇ ਇਸ ਖ਼ਾਸ ਰੂਪ ਦਾ ਤੋਰਾ ਅੱਗੇ ਤੋਰਦਿਆਂ ਹੋਇਆਂ ਖਾਲਸਾ ਸਜਣ ਵਾਲਿਆਂ ਨੂੰ ਪੰਜ ਕਕਾਰੀ ਰਹਿਤ ਬਖਸ਼ੀ। ਤਾਹੀਓਂ ਹੀ ਇਸ-ਤਰ੍ਹਾਂ-ਸਜ-ਕੇ-ਤਿਆਰ-ਹੋਏ-ਸਿੱਖਾਂ ਨੂੰ ਕਲਗੀਧਰ ਪਾਤਸ਼ਾਹ ਜੀ ਨੇ "**ਖਾਲਸਾ-ਮੇਰੋ-ਰੂਪ-ਹੈ-ਖਾਸ**" ਕਿਹਾ। ਇਹ ਇਕ-ਸਾਰਤਾ ਵਾਲਾ '**ਖ਼ਾਸ ਰੂਪ**' ਮਰਦਾਂ ਅਤੇ ਇਸਤ੍ਰੀਆਂ ਦੋਹਾਂ ਨੂੰ ਬਖਸ਼ਿਆ ।

ਗੁਰਬਾਣੀ ਦੇ ਅਧਿਐਨ ਤੋਂ ਅਤੇ ਪੰਜਾਂ ਪਿਆਰਿਆਂ ਦੀ ਸਾਜਨਾ ਤੋਂ ਇਹ ਨਿਸਚੇ ਹੋ ਜਾਂਦਾ ਹੈ ਕਿ ਖਾਲਸਾ ਸਜੇ ਬਿਨਾਂ (ਪੂਰਨ ਖਾਲਸਈ ਰਹਿਤ ਧਾਰੇ ਬਿਨਾਂ) ਮਨੁਖ ਜਾਤੀ ਦਾ ਜਨਮ-ਮਰਨ ਦਾ ਗੇੜ ਮੁੱਕਣਾ ਨਹੀਂ। ਇਹ ਗੱਲ ਜਿਤਨੀ ਜਲਦੀ ਕਲਜੁਗੀ ਜੀਵਾਂ ਦੀ ਸਮਝ ਵਿਚ ਆ ਜਾਏ, ਉਤਨੀ ਜਲਦੀ ਹੀ ਉਨ੍ਹਾਂ ਦਾ ਮਾਨੁਖਾ ਜਨਮ ਵਿਚ ਆਉਣ ਦਾ ਮੰਤਵ ਹੱਲ ਹੋ ਸਕਦਾ ਹੈ।

ਗੁਰੂ ਨਾਨਕ ਸਾਹਿਬ ਜੀ ਤੋਂ ਅਰੰਭ ਹੋ ਕੇ ਸਿਖੀ ਦੀ ਘਾੜਤ ਹੌਲੀ ਹੌਲੀ, ਪਰ ਤਰਤੀਬ ਵਾਰ ਪੂਰਨ ਚੜ੍ਹਦੀ ਕਲਾ ਵਲ ਵਧਦੀ ਚਲੀ ਆਈ, ਅਤੇ ਕਲਗੀਧਰ ਪਾਤਸ਼ਾਹ ਜੀ ਦੇ ਸਮੇਂ ਇਹ ਘਾੜਤ ਪੂਰਨ ਰੂਪ ਧਾਰ ਕੇ ਪੰਜਾਂ ਪਿਆਰਿਆਂ ਦੇ ਰੂਪ ਵਿਚ ਜਗਮਗਾਈ।

**ਨੋਟ :—ਏਥੇ ਇਹ ਗੱਲ ਧਿਆਨ ਵਿਚ ਰੱਖਣੀ ਅਤੀ ਜ਼ਰੂਰੀ ਹੈ ਕਿ ਪੰਚਾਂ ਦੀ ਸੇਵਾ ਵਿਚ ਅਜਿਹਾ ਵਿਅਕਤੀ ਬਿਲਕੁਲ ਨਹੀਂ ਲਿਆ ਜਾਣਾ ਚਾਹੀਦਾ, ਜਿਸ ਨੇ ਅੰਮ੍ਰਿਤ ਛਕਣ ਬਾਅਦ ਆਪਣੀ ਮਰਜ਼ੀ ਨਾਲ ਕੋਈ ਬੱਜਰ ਕੁਰਹਿਤ ਕਰ ਲਈ ਹੋਵੇ, ਬੇਸ਼ੱਕ ਉਸ ਨੇ ਮੁੜ ਅੰਮ੍ਰਿਤ ਛਕ ਕੇ ਭੁੱਲ ਬਖਸ਼ਵਾ ਲਈ ਹੋਵੇ। ਅਜਿਹੇ ਪ੍ਰਾਣੀ ਦਾ ਗੁਰੂ ਰੂਪ ਪੰਜਾਂ ਪਿਆਰਿਆਂ ਵਿਚ ਖੜ ਕੇ ਗੁਰੂ-ਰੂਪ ਸਦਵਾਉਣਾ ਪੂਰੇ ਗੁਰੂ ਦੀ ਸ਼ੋਭਾ ਨੂੰ ਨੀਵਾਂ ਕਰਦਾ ਹੈ । ਪੂਰਾ ਗੁਰੂ ਇਸ ਪ੍ਰਕਾਰ ਦਾ ਨਹੀਂ ਸੀ। ਪੂਰਾ ਗੁਰੂ** Infallable **ਹੁੰਦਾ ਹੈ। ਉਹ ਗਿਰਦਾ ਨਹੀਂ, ਅਜਿਹਾ ਪ੍ਰਾਣੀ ਗੁਰੂ ਹੁਕਮ ਦੀ ਉਲੰਘਣਾ ਕਰ ਲੈਣ**



www.AKJ.Org

ਦਾ ਦੋਸ਼ੀ ਹੋ ਚੁੱਕਾ ਹੁੰਦਾ ਹੈ ।—ਅਤੇ ਨਾ ਹੀ ਅੰਗਹੀਣ ਨੂੰ ਇਸ ਸੇਵਾ ਵਿਚ ਲਿਆ ਜਾਣਾ ਚਾਹੀਦਾ ਹੈ ।

ਸਮੂਹ ਸੰਸਾਰੀਆਂ ਦੇ ਪਾਰ-ਉਤਾਰੇ ਦਾ ਕੇਵਲ ਇਹੀ ਇਕ ਰਸਤਾ ਹੈ, ਇਹੀ ਏਕ ਦਰੁ ਹੈ, ਹੋਰ ਕੋਈ ਸਚਿਆਰਾ ਰਸਤਾ ਨਹੀਂ ਹੈ । ਯਥਾ ਗੁਰਵਾਕ :—

ਅਨ ਕੋ ਦਰੁ ਘਰੁ ਕਬਹੂ ਨ ਜਾਨਸਿ ਏਕੋ ਦਰੁ ਸਚਿਆਰਾ ॥
ਗੁਰ ਪਰਸਾਦਿ ਪਰਮ ਪਦੁ ਪਾਇਆ ਨਾਨਕੁ ਕਹੈ ਵਿਚਾਰਾ ॥੪॥੩॥੪॥ (੧੧੨੬)

ਸਬਕ ਲੈਣ ਵਾਲੀ ਇਕ ਇਹ ਗੱਲ ਭੀ ਹੈ ਕਿ ਜੇ ਕੋਈ ਅੰਮ੍ਰਿਤਧਾਰੀ, ਕੋਈ ਮਾੜਾ ਕਰਮ ਕਰਦਾ ਹੈ ਤਾਂ ਉਸਨੂੰ ਦੇਖ ਕੇ, ਅਸੀਂ ਸਿੱਖੀ ਨਾਲ ਨਫ਼ਰਤ ਨਾ ਕਰੀਏ । ਸਿੱਖੀ ਤੋਂ ਬਿਨਾਂ ਪਾਰ-ਉਤਾਰਾ ਨਹੀਂ । ਮਾੜਾ ਕਰਮ ਕਰਨ ਵਾਲੇ ਦੇ ਮਾੜੇ ਭਾਗ ਹਨ, ਉਹ ਰੱਬੀ ਮਿਲਾਪ ਵਾਲਾ ਰਸਤਾ ਛੱਡ ਕੇ ਮੁੜ ਜਮਦੂਤੀ ਮਾਰਗ ਦਾ ਪਾਂਧੀ ਹੋ ਨਿਬੜਦਾ ਹੈ । ਅਜਿਹਿਆਂ ਅਭਾਗੇ ਸਿੱਖਾਂ ਪ੍ਰਤੀ ਹੀ ਗੁਰੂ ਸਾਹਿਬ ਜੀ ਨੇ ਫੁਰਮਾਇਆ ਸੀ ਕਿ—

ਜਬ ਇਹ ਗਹੇ ਬਿਪਰਨ ਕੀ ਰੀਤ ॥ ਮੈਂ ਨ ਕਰੋਂ ਇਨ ਕੀ ਪ੍ਰਤੀਤ ॥

ਅਤੇ—ਅਪਨੀ ਪਰਤੀਤਿ ਆਪ ਹੀ ਖੋਵੈ ॥ ਬਹੁਰਿ ਉਸ ਕਾ ਬਿਸ੍ਵਾਸੁ ਨ ਹੋਵੈ ॥੨॥੫॥ (੨੭੮)

ਜਿਸ ਦਾ ਇਕ ਵੇਰ ਇਤਬਾਰ ਗਿਆ, ਉਸ ਦਾ ਹਮੇਸ਼ਾ ਲਈ ਹੀ ਇਤਬਾਰ ਗਿਆ । ਗੱਲ ਭੀ ਠੀਕ ਹੈ ਕਿ ਜਿਹੜਾ ਇਕ ਵੇਰ ਵਚਨ ਦੇ ਕੇ ਉਸ ਵਚਨ ਵਲੋਂ ਮੂੰਹ ਫੇਰ ਸਕਦਾ ਹੈ, ਦੁਬਾਰਾ ਵਚਨ ਤੇ ਕਾਇਮ ਰਹਿਣ ਲਈ ਉਸਦੀ ਕੋਈ ਗਰੰਟੀ ਨਹੀਂ । ਖਾਲਸਾ ਸ਼੍ਰੇਣੀ ਵਿਚ ਤਾਂ ਓਹੋ ਸਿਖ ਹੀ ਥਿਰ (ਅਹਿਲ) ਰਹਿ ਸਕਦੇ ਹਨ ਜਿਨ੍ਹਾਂ ਨੇ—

"ਬਚਨੁ ਗੁਰੂ ਜੋ ਪੂਰੇ ਕਹਿਓ ਮੈ ਛੀਕਿ ਗਾਂਠਰੀ ਬਾਧਾ ॥"॥੧॥ਰਹਾਉ॥ (੧੨੭੬)

ਨੂੰ ਫੁੱਲ ਚੜ੍ਹਾਏ ਹਨ । ਅਜਿਹੇ ਸਿਖ ਹੀ ਪੂਰਨ ਭਰੋਸੇ ਯੋਗ ਹਨ । ਅਜਿਹਿਆਂ ਪੂਰਨ-ਭਰੋਸੇ-ਯੋਗ ਸਿਖਾਂ ਬਾਰੇ ਹੀ ਕਿਸੇ ਕਵੀ ਨੇ ਗੁਰੂ ਸਾਹਿਬ ਜੀ ਦੇ ਬਚਨਾਂ ਦਾ ਭਾਵ ਇਉਂ ਅੰਕਤ ਕੀਤਾ ਹੈ—

"ਸਵਾ ਲਾਖ ਸੇ ਏਕ ਲੜਾਊਂ ॥ ਤਬੈ ਗੋਬਿੰਦ ਸਿੰਘ ਨਾਮ ਕਹਾਊਂ ॥"

ਇਹ ਹਨ ਪੂਰਨ ਇਤਬਾਰ ਵਾਲੇ ਗੁਰਸਿਖ । ਇਹ ਗੁਰੂ-ਹੁਕਮਾਂ ਤੋਂ ਘੋਲ ਘੁਮਾਈ ਹੋਣ ਨੂੰ ਆਪਣਾ ਧੰਨ ਭਾਗ ਸਮਝਦੇ ਹਨ । ਇਹ ਨਾਮ ਜਪਦੇ ਹਨ, ਬਾਣੀ ਪੜ੍ਹਦੇ ਹਨ, ਧਰਮ ਦੀ ਕਿਰਤ-ਵਿਰਤ ਕਰ ਕੇ ਉਸ ਨੂੰ ਵੰਡ-ਛਕਦੇ ਹਨ, ਗੁਰਸਿੱਖਾਂ ਦੇ ਦਰਸ਼ਨ ਕਰ ਕੇ ਅਤੇ ਗੁਰਸਿੱਖਾਂ ਦੀ ਸੇਵਾ ਕਰ ਕੇ ਨਿਹਾਲੋ ਨਿਹਾਲ ਹੁੰਦੇ ਹਨ, ਮਨ ਕਰਕੇ ਗਰੀਬ ਹਨ, ਕਿਸੇ ਦੀ ਨਿੰਦਿਆ ਨਹੀਂ ਕਰਦੇ, ਕੁ-ਬਚਨ ਨਹੀਂ ਬੋਲਦੇ । ਇਨ੍ਹਾਂ ਵਾਸਤੇ ਕਿਸੇ ਭੀ ਗੁਰ-ਹੁਕਮ ਦੀ ਉਲੰਘਣਾ ਕਰਨਾ ਅਸੰਭਵ ਹੈ । ਇਹ ਹੀ ਨਿਰੋਲ ਗੁਰਸਿਖ ਹਨ । ਇਹ ਉਨ੍ਹਾਂ ਵਿਰਲਿਆਂ **ਕੋਈਆਂ** ਵਿਚੋਂ ਹਨ ਜਿਨ੍ਹਾਂ ਬਾਰੇ ਗੁਰੂ ਸਾਹਿਬ ਜੀ ਨੇ ਕਿਹਾ ਹੈ—

"**ਕੋਈ ਆਇ ਮਿਲੈਗੋ ਗਾਹਕੀ ਲੇਗੋ ਮਹਗੋ ਮੋਲਿ॥੨੨੫॥** (੧੩੭੬)

ਇਨ੍ਹਾਂ **ਕੋਈਆਂ** (ਵਿਰਲਿਆਂ) ਨੇ ਸਭ ਕੁਝ ਗੁਰੂ ਨੂੰ ਅਰਪਨ ਕਰ ਕੇ ਮਹਿੰਗੇ ਮੁਲ ਸਿੱਖੀ ਖਰੀਦੀ ਹੈ । ਇਹ ਕੇਵਲ ਗੁਰੂ ਦਾ ਹੁਕਮ ਹੀ ਮੰਨਿਆ ਲੋੜਦੇ ਹਨ । ਬਲਿਹਾਰ ਜਾਈਏ ਖੰਡੇ ਦੇ ਅੰਮ੍ਰਿਤ ਤੋਂ, ਜਿਸ ਨੇ ਅਜਿਹੇ **ਕੋਈ** (ਵਿਰਲੇ) ਪੈਦਾ ਕੀਤੇ ਹਨ ।

ਵੈਸਾਖੀ ੧੬੯੯ ਈਸਵੀ ਤੋਂ ਖੰਡੇ ਦੀ ਪਾਹੁਲ ਦਾ ਰਾਜ ਚਾਲੂ ਹੋਇਆ ਹੈ ਅਤੇ ਐਸ ਵੇਲੇ ਜ਼ੋਰਾਂ ਸ਼ੋਰਾਂ ਤੇ ਹੈ । ਹੁਣ ਖੰਡੇ ਦਾ ਰਾਜ ਹੈ, ਖੰਡੇ ਦਾ ਸਮਾਂ ਹੈ, ਖੰਡੇ ਕੀ ਬੇਲਾ ਹੈ । ਇਸ ਦੀ ਸੋਝੀ ਭਾਗਾਂ ਵਾਲਿਆਂ ਨੂੰ ਹੀ ਆ ਰਹੀ ਹੈ ਅਤੇ ਅੱਗੇ ਤੋਂ ਆਵੇਗੀ ਹੈ । ਖਾਲਸਈ ਰਹਿਤ ਧਾਰਨ ਕਰਨਾ ਅਤੇ ਗੁਰੂ-ਹੁਕਮਾ ਤੇ ਚਲਣਾ ਹੀ ਗੁਰਸਿਖੀ ਹੈ । ਇਹੀ ਗੁਰਬਾਣੀ ਦਾ ਮੰਤਵ ਹੈ । ਇਹੀ ਮੰਤਵ ਖੰਡੇ ਦੀ ਪਾਹੁਲ ਸਾਰਦੀ ਹੈ ।

ਧੰਨ ਧੰਨ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ !



www.AKJ.Org

# ਪੰਜ ਪਿਆਰੇ

[ਪ੍ਰੋਫ਼ੈਸਰ ਜੋਗਿੰਦਰ ਸਿੰਘ ਜੀ, ਮੈਂਬਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ]

ਗੁਰੂ-ਦ੍ਰਿਸ਼ਟੀ ਤੇ ਪੰਥਕ-ਸ੍ਰਿਸ਼ਟੀ ਵਿਚ 'ਪਿਆਰਾ' ਅਖਵਾਉਣ ਦਾ ਅਧਿਕਾਰ ਤੇ ਮਾਣ ਕੇਵਲ ਉਸ ਵਿਅਕਤੀ ਦਾ ਹੈ, ਜਿਸ ਨੇ ਮਨ ਤੇ ਤਨ 'ਗੁਰੂ' ਨੂੰ ਸਉਂਪ ਦਿੱਤਾ ਹੈ। ਮਨ ਤੇ ਤਨ ਗੁਰੂ ਨੂੰ ਸਉਂਪਣ ਦਾ ਭਾਵ ਹੈ ਕਿ ਮਨੁੱਖ ਨੇ ਮੈਂ-ਹਸਤੀ ਤੇ ਮੈਂ-ਹਸਤੀ ਨਾਲ ਜੁੜੀਆਂ ਸਾਰੀਆਂ ਸੰਸਾਰਕ ਤੇ ਪਸ਼ੂ ਬਿਰਤੀਆਂ ਨੂੰ ਝਟਕਾ ਕੇ, ਆਪਣੀ ਸ਼ੋਭਾ ਤੇ ਸ਼ਕਤੀ ਦਾ ਸਰੋਤ 'ਗੁਰੂ-ਪ੍ਰਮੇਸ਼ਰ' ਨੂੰ ਮੰਨ ਲਿਆ ਹੈ। ਮਨ ਤੇ ਤਨ ਦੀ ਸਾਰੀ ਕਿਰਿਆ ਸੰਸਾਰਕ ਤੇ ਮੋਹ-ਮਾਇਆ ਨਾਲ ਸ਼ਿੰਗਾਰੀ ਹੋਈ ਹੁੰਦੀ ਹੈ, ਤੇ ਗੁਰੂ ਪ੍ਰਮੇਸ਼ਰ ਦੀ ਕਿਰਿਆ ਅਧਿਆਤਮਿਕ ਅਤੇ ਮੋਹ-ਮਾਇਆ ਤੋਂ ਆਜ਼ਾਦ ਹੁੰਦੀ ਹੈ। ਮੋਹ-ਮਾਇਆ ਦੀ ਸੀਮਾ ਵਿਚ ਰਹਿ ਕੇ ਪਿਆਰ ਕਰਨ ਵਾਲਾ ਝੂਠੀ ਪ੍ਰੀਤ ਤਾਂ ਨਿਬਾਹ ਸਕਦਾ ਹੈ, ਦੁਨਿਆਵੀ-ਦ੍ਰਿਸ਼ਟੀ ਵਿਚ ਪਿਆਰਾ ਵੀ ਅਖਵਾ ਸਕਦਾ ਹੈ, ਪਰ ਜਿਸ ਨੂੰ ਗੁਰੂ-ਦ੍ਰਿਸ਼ਟੀ ਵਿਚ ਤੇ ਗੁਰੂ ਗੋਬਿੰਦ ਸਿੰਘ ਜੀ ਨੇ 'ਪਿਆਰਾ' ਹੋਣ ਦਾ ਮਾਣ ਪ੍ਰਦਾਨ ਕੀਤਾ ਹੈ, ਅਜਿਹਾ 'ਪਿਆਰਾ' ਹੋਣ ਦਾ ਅਧਿਕਾਰ ਉਸ ਨੂੰ ਕਦੀ ਵੀ ਪ੍ਰਾਪਤ ਨਹੀਂ ਹੁੰਦਾ ਅਤੇ ਨਾ ਹੀ ਹੋ ਸਕਦਾ ਹੈ।

ਗੁਰੂ-ਪਿਆਰਾ ਹੋਣ ਲਈ ਜ਼ਰੂਰੀ ਹੈ ਕਿ ਸੰਜਾਰੀ ਹਉਮੈ ਛਡ ਕੇ ਜੀਵਨ ਦੀ ਸਮੂਹ ਕ੍ਰਿਆ ਨੂੰ ਹੁਕਮ ਵਿਚ ਲਿਆਂਦਾ ਜਾਵੇ। ਗੁਰੂ-ਹੁਕਮ ਨੂੰ ਮੰਨਣਾ ਤੇ ਮੰਨ ਕੇ ਜੇ ਸੀਸ ਵੀ ਦੇਣਾ ਪੈ ਜਾਵੇ, ਤਾਂ 'ਸੀਸ' ਸਮਰਪਣ ਕਰ ਦੇਵੇ, ਤਾਂ ਨਿਸਚੇ ਹੀ ਅਜਿਹੇ ਮਨੁੱਖ ਨੂੰ 'ਪਿਆਰਾ' ਅਖਵਾਉਣ ਦਾ ਅਧਿਕਾਰ ਵੀ ਹੈ ਤੇ ਗੁਰੂ ਦੇ ਸਰੂਪ, ਸਵੈਮਾਣ ਤੇ ਸਾਹਿਬੀ ਨਾਲ ਆਪਣੇ ਆਪ ਨੂੰ ਸ਼ਿੰਗਾਰ ਕੇ ਜੀਊਣ ਦਾ ਅਨੰਦ ਵੀ ਹੈ। 'ਪਿਆਰੇ' ਦੀ ਪ੍ਰਤਿੱਭਾ-ਉਸਾਰੀ ਸਾਰੀ ਦੀ ਸਾਰੀ ਅੰਦਰੋਂ ਹੁੰਦੀ ਹੈ। ਸੰਸਾਰ ਵਿਚ ਵਿਚਰਦਿਆਂ ਵੀ ਪਾਠ-ਪੂਜਾ, ਸੇਵਾ-ਭਾਵ, ਆਪਾ-ਸਮਰਪਣ, ਮਿੱਠਾ-ਵਿਹਾਰ, ਉਤਮ-ਕਰਮ ਤੇ ਨਿਸ਼ਕਾਮ-ਆਦਰਸ਼ ਮਨੁੱਖ ਨੂੰ ਪਿਆਰਾ ਤੇ ਨਿਰਮਲ ਸਿਰਜਦੇ ਹਨ, ਪਰ ਅਜਿਹੀ ਰਹਿਣੀ ਵਿਚ ਵੀ ਅੰਦਰੋਂ ਨਿਰਮਲ ਤੇ ਅੰਮ੍ਰਿਤ ਹੋ ਸਕਣਾ 'ਪਿਆਰੇ' ਵਾਸਤੇ ਅਤਿ ਲਾਜ਼ਮੀ ਹੁੰਦਾ ਹੈ।

(੨)

ਸਿੱਖ ਇਤਿਹਾਸ ਵਿਚ ਤੇ ਗੁਰੂ ਪੰਥ ਵਿਚ ਜਿਨ੍ਹਾਂ ਸਿਰਲੱਥਾਂ ਨੂੰ ਪਹਿਲੀ ਵਾਰੀ 'ਪੰਜ-ਪਿਆਰੇ' ਆਖਿਆ ਗਿਆ ਸੀ, ਉਹਨਾਂ ਦੀ ਜੀਵਨ ਤੇ ਪ੍ਰਤਿਭਾ-ਉਸਾਰੀ ਸਾਰੀ ਦੀ ਸਾਰੀ ਗੁਰੂ-ਤਾਬਿਆ ਵਿਚ ਤੇ ਗੁਰੂ-ਉਪਦੇਸ਼ਾਂ ਅਨੁਸਾਰ ਹੋਈ ਸੀ। ਗੁਰੂ-ਤਾਬਿਆ ਦਾ ਭਾਵ ਇਹ ਨਹੀਂ ਕਿ ਹਰ ਵੇਲੇ ਸਰਗੁਣ ਸਰੂਪ ਗੁਰੂ ਨਾਲ ਜੁੜਿਆ ਰਹੇ। ਸਿੱਖ ਪੰਥ ਵਿਚ ਤਾਂ 'ਗੁਰੂ' ਦੀ ਹਸਤੀ-ਹੋਂਦ ਪ੍ਰਮੇਸ਼ਰ ਵਾਂਗ ਨਿਰੰਤਰ ਤੇ ਹਰ ਥਾਂ ਵਿਆਪਕ ਹੈ। 'ਗੁਰੂ' ਕੋਈ ਸਰੀਰ ਨਹੀਂ, ਗੁਰੂ ਤਾਂ ਇਕ ਜੋਤਿ ਗਿਆਨ, ਸ਼ਬਦ ਤੇ ਪ੍ਰਕਾਸ਼ ਹੈ। ਸ਼ਬਦ-ਗਿਆਨ-ਪ੍ਰਕਾਸ਼ ਨਾਲ ਦੇਸ਼ ਦੇ ਹਰ ਪ੍ਰਾਂਤ ਵਿਚ ਬੈਠ ਕੇ 'ਗੁਰੂ' ਨਾਲ ਜੁੜਿਆ ਵੀ ਜਾ ਸਕਦਾ ਹੈ ਤੇ ਗੁਰੂ-ਹੁਕਮਾਂ ਅਨੁਸਾਰ ਜੀਵਿਆ ਵੀ ਜਾ ਸਕਦਾ ਹੈ। 'ਪਿਆਰਾ' ਬਣਨ ਵਾਸਤੇ ਕੋਈ ਵਰਨ, ਜਾਤਿ, ਕੁਲ, ਪ੍ਰਾਂਤ, ਪੋਸ਼ਾਕ ਤੇ ਪੱਦਵੀ ਸਹਾਇਕ ਨਹੀਂ ਹੁੰਦੀ, ਹਾਂ ਗੁਰੂ-ਹੁਕਮਾਂ ਅਨੁਸਾਰ ਆਪਣੇ ਆਪ ਨੂੰ ਸਿਰਜ ਲੈਣਾ ਤੇ ਲੋੜ ਪੈਣ ਉਤੇ ਜੇ 'ਗੁਰੂ' ਸੀਸ ਮੰਗੇ, ਤਾਂ ਬਿਨਾਂ ਕਿਸੇ ਕਿੰਤੂ-ਪ੍ਰਸ਼ਨ ਦੇ 'ਸੀਸ' ਗੁਰੂ ਸਨਮੁਖ ਹਾਜ਼ਰ ਕਰ ਦੇਣਾ, ਨਿਸਚੇ ਹੀ 'ਪਿਆਰਾ' ਹੋਣ ਦਾ ਵਰ-ਵਰਦਾਨ ਪ੍ਰਾਪਤ ਕਰਨਾ ਹੈ। ਭਾਈ ਦ੍ਇਆ ਰਾਮ, ਭਾਈ ਧਰਮ ਦਾਸ, ਭਾਈ ਹਿੰਮਤ ਰਾਇ, ਭਾਈ ਮੋਹਕਮ ਚੰਦ ਤੇ ਭਾਈ ਸਾਹਿਬ ਚੰਦ ਜੀ, ਇਹ ਪੰਜੇ ਸਿਰਲੱਥ ਵੱਖੋ ਵੱਖਰੇ ਪ੍ਰਾਂਤਾਂ ਦੇ ਜੰਮ-ਪਲ ਸਨ। ਇਨ੍ਹਾਂ ਦੇ ਵਰਨ, ਜਾਤਿ, ਕੁਲ ਤੇ ਕਿਤੇ ਵੀ ਵੱਖੋ ਵਖਰੇ ਸਨ, ਪਰ ਜਿਥੇ ਵੀ ਸਨ, ਗੁਰੂ ਨਾਲ ਅੰਦਰੋਂ ਬਾਹਰੋਂ ਜੁੜੇ ਹੋਏ ਸਨ, ਗੁਰੂ-ਬਾਣੀ ਦਾ ਪਾਠ ਕਰਦੇ ਸਨ, ਗੁਰੂ-ਹੁਕਮਾਂ ਨੂੰ ਜੀਵਨ ਦੀ ਸਮੁੱਚੀ ਕ੍ਰਿਆ ਵਿਚ ਸਤਿ ਸਵੀਕਾਰ ਕਰ ਕੇ ਸੇਵਾ-ਪਰਉਪਕਾਰ ਨਮਿੱਤ ਜਿਥੇ ਉਤਮ ਕਰਮ ਕਰਦੇ ਸਨ, ਉਥੇ ਆਪਾ-ਸਮਰਪਣ ਵਿਚ ਵੀ ਸਦਾ ਤੱਤਪਰ ਰਹਿੰਦੇ ਸਨ।



www.AKJ.Org

(੩)

੧੬੯੯ ਦੀ ਵੈਸਾਖੀ-ਪੁਰਬ ਲਈ ਜਦੋਂ ਦਸਮ ਪਾਤਸ਼ਾਹ ਵਲੋਂ, ਅਨੰਦਪੁਰ ਸਾਹਿਬ ਪਹੁੰਚਣ ਲਈ, ਸਰਬੱਤ ਸਿੱਖਾਂ ਨੂੰ ਸੰਦੇਸ਼ੇ ਮਿਲੇ, ਤਾਂ ਇਤਿਹਾਸਕਾਰਾਂ ਅਨੁਸਾਰ ੮੦,੦੦੦ ਸਿੱਖ ਗੁਰੂ-ਹੁਕਮ ਮੰਨ ਕੇ ਅਨੰਦਪੁਰ ਸਾਹਿਬ ਪਹੁੰਚੇ ਸਨ। ਇਸੇ ਵੈਸਾਖੀ-ਪੁਰਬ ਉਤੇ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਤਲਵਾਰ ਧੂਹ ਕੇ ਕਿਸੇ ਵੱਡੇ ਆਦਰਸ਼ ਦੀ ਸਿਰਜਨਾ ਲਈ ਪੰਜ ਸੀਸ ਮੰਗੇ ਸਨ। ਸੀਸ-ਮੰਗ ਦੀ ਕ੍ਰਿਆ ਵੇਲੇ ਕਈਆਂ ਗੁਰਸਿੱਖਾਂ ਦੇ ਹਿਰਦਿਆਂ ਵਿਚੋਂ ਕਿੰਤੂ-ਪ੍ਰਸ਼ਨ ਦੇ ਭਰਮ ਉਪਜੇ ਸਨ। ਕਿੰਤੂ-ਪ੍ਰਸ਼ਨ ਵਾਲਾ ਸਿੱਖ ਤਾਂ ਹੋ ਸਕਦਾ ਹੈ, ਪਰ ਭਰਮ-ਬੱਧਾ ਸਿੱਖ ਕਦੀ 'ਪਿਆਰਾ' ਨਹੀਂ ਹੋ ਸਕਦਾ। ਪਿਆਰਾ ਬਣਨ ਵਾਸਤੇ ਜੋ ਵੀ ਗੁਰੂ-ਹੁਕਮ ਹੈ, ਉਹ ਖਿੜੇ ਮੱਥੇ ਸਵੀਕਾਰ ਕਰਨਾ ਪੈਂਦਾ ਹੈ। ਭਰਮ-ਬੱਧਾ ਵਿਅਕਤੀ ਗੁਰੂ-ਹੁਕਮ ਉਤੇ ਵੀ ਕਿੰਤੂ-ਪ੍ਰਸ਼ਨ ਕਰਦਾ ਹੈ। ਇਹੀ ਕਾਰਨ ਹੈ ਕਿ ਜਦੋਂ ਦਸਮ ਪਾਤਿਸ਼ਾਹ ਨੇ ਇਕ ਸੀਸ ਮੰਗਿਆ, ਤਾਂ ਗੁਰੂ-ਹੁਕਮ ਉਤੇ ਆਪਣਾ ਤਨ ਮਨ (ਆਪਾ ਸੀਸ ਵੀ) ਕੁਰਬਾਨ ਕਰਨ ਵਾਲਾ ਇਕੋ ਇਕ ਗੁਰਸਿੱਖ ਭਾਈ ਦਇਆ ਰਾਮ ਉਠਿਆ ਤੇ ਗੁਰੂ ਸਨਮੁਖ ਖੜਾ ਹੋ ਕੇ ਕਹਿਣ ਲੱਗਾ, "ਮੇਰਾ ਸੀਸ ਹਾਜ਼ਰ ਹੈ।" ਸੱਨਾਟਾ ਭਾਵੇਂ ਸਾਰੇ ਪੰਡਾਲ ਵਿਚ ਵਿਆਪਕ ਸੀ, ਪਰ ਵਾਰੀ ਵਾਰੀ ਚਾਰ ਸੀਸ ਮੰਗਣ ਦਾ ਹੁਕਮ-ਐਲਾਨ ਦਸਮ ਪਾਤਸ਼ਾਹ ਨੇ ਹੋਰ ਕੀਤਾ। ਦੂਸਰੇ ਹੁਕਮ ਐਲਾਨ ਉਤੇ ਭਾਈ ਧਰਮਦਾਸ ਨੇ ਆਪਣਾ ਸੀਸ ਭੇਟ ਕੀਤਾ, ਤੀਜਰੇ ਹੁਕਮ-ਐਲਾਨ ਉਤੇ ਭਾਈ ਹਿੰਮਤ ਰਾਇ ਨੇ ਆਪਣੇ ਆਪ ਨੂੰ ਪੇਸ਼ ਕੀਤਾ, ਚੌਥੇ ਹੁਕਮ-ਐਲਾਨ ਨੂੰ ਸੁਣਦਿਆਂ ਹੀ ਭਾਈ ਮੋਹਕਮ ਚੰਦ ਜੀ ਨੇ ਆਪਣਾ ਸੀਸ ਸਮਰਪਣ ਕਰ ਦਿੱਤਾ। ਜਦੋਂ ਪੰਜਵੀਂ ਵਾਰੀ ਸੀਸ ਮੰਗਿਆ, ਤਾਂ ਭਾਈ ਸਾਹਿਬ ਚੰਦ ਜੀ ਨੇ ਸੀਸ ਦਿੱਤਾ। ਜਦੋਂ ਇਹਨਾਂ ਪਰਵਾਨ ਪੰਜਾਂ ਸਿੱਖਾਂ ਦਾ ਇਤਿਹਾਸ-ਪਿਛਵਾੜਾ ਵਾਚਿਆ ਗਿਆ, ਤਾਂ ਸਹਿਜੇ ਹੀ ਸਪੱਸ਼ਟ ਹੋ ਗਿਆ ਕਿ ਇਹ 'ਪੰਜੇ' ਹੁਕਮ ਮੰਨ ਕੇ ਸੀਸ ਦੇਣ ਵਾਲੇ ਸਿੱਖ ਪੂਰੇ ਭਾਰਤ ਦੀ ਪ੍ਰਤੀਨਿੱਧਤਾ ਕਰਦੇ ਹਨ। ਜੇ ਭਾਈ ਦਇਆ ਰਾਮ ਲਾਹੌਰ ਦਾ ਵਾਸੀ ਹੈ, ਭਾਈ ਧਰਮ ਦਾਸ ਦਿੱਲੀ ਦਾ ਨਿਵਾਸੀ ਹੈ, ਭਾਈ ਹਿੰਮਤ ਰਾਇ ਜਗਨਨਾਥ ਪੁਰੀ ਦਾ ਹੈ, ਭਾਈ ਮੋਹਕਮ ਚੰਦ ਦੁਆਰਕਾ ਦਾ ਤੇ ਭਾਈ ਸਾਹਿਬ ਚੰਦ ਬਿੱਦਰ ਦਾ ਹੈ। ਗੁਰੂ-ਹੁਕਮਾਂ ਉਤੇ ਸੀਸ ਭੇਟ ਕਰਨੇ ਭਾਵੇਂ ਇਕ ਬੜੀ ਅਦੁੱਤੀ ਤੇ ਕਠਿਨ ਖੇਡ ਸੀ, ਪਰ ਜਿਨ੍ਹਾਂ ਨੇ ਤਨ-ਮਨ ਦੀ ਪਕੜ ਤੋਂ ਆਜ਼ਾਦ ਹੋ ਕੇ, ਆਪਣੇ ਆਪ ਨੂੰ ਕਠਿਨ ਖੇਡ ਵਿਚ ਪਾਇਆ, ਦਸਮ ਪਾਤਸ਼ਾਹ ਨੇ ਉਹਨਾਂ ਨੂੰ ਅੰਮ੍ਰਿਤ ਵੀ ਪ੍ਰਦਾਨ ਕੀਤਾ, ਖਾਲਸਈ ਸਰੂਪ ਵਿਚ ਵੀ ਸਜਾਇਆ, ਆਪਣੀ ਸ਼ੋਭਾ-ਸ਼ੀਲਾ ਤੇ ਸ਼ਕਤੀ-ਤੇਜ ਦਾ ਵਾਰਿਸ ਵੀ ਠਹਿਰਾਇਆ ਤੇ ਅਖ਼ੀਰ ਇਹਨਾਂ ਪੰਜਾਂ ਸਿੱਖਾਂ ਨੂੰ 'ਪਿਆਰੇ' ਦੀ ਪੱਦਵੀ ਪ੍ਰਦਾਨ ਕਰਕੇ ਜਿਥੇ ਗੁਰੂ ਤੇ ਪੰਥਕ ਸ਼ਕਤੀ ਦਾ ਮੁਖ ਅਧਿਕਾਰੀ ਥਾਪ ਦਿੱਤਾ, ਉਥੇ ਪੰਜਾਂ ਪਿਆਰਿਆਂ ਨੂੰ 'ਸਿੰਘ' ਦੀ ਉਪਮਾ ਨਾਲ ਸ਼ਿੰਗਾਰ ਕੇ ਪੰਜਾਂ ਵਿਚ ਗੁਰ-ਪ੍ਰਮੇਸ਼ਰ ਦੀ ਏਕਤਾ-ਸ਼ਕਤੀ ਨੂੰ ਸੰਚਾਰ ਕੇ, ਸਦਾ ਲਈ ਸਿੱਖ ਇਤਿਹਾਸ ਵਿਚ, ਜਾਤਿ ਦੇ ਰੂਪ ਵਿਚ ਨਹੀਂ, ਪੰਥਕ ਜਮਾਤ ਦੇ ਸਰੂਪ ਵਿਚ ਜ਼ਿੰਦਾ ਕਰ ਦਿੱਤਾ ਹੈ।

(੪)

ਹਜ਼ਾਰਾਂ ਵਿਚੋਂ ਪੰਜਾਂ ਪਿਆਰਿਆਂ ਦੀ ਚੋਣ ਦਾ ਇਕ ਭਾਵ ਇਹ ਸੀ, ਕਿ ਗੁਰੂ-ਘਰ ਵਿਚ ਇਕ-ਪੁਰਖੀ ਰਾਜ-ਸ਼ਕਤੀ ਦਾ ਸੰਕਲਪ ਪਰਵਾਨ ਨਹੀਂ। ਭਾਰਤੀ ਰਾਜ-ਸ਼ਕਤੀ ਦੀ ਪਰੰਪਰਾ ਲਗ ਪਗ ਇਕ-ਪੁਰਖੀ ਹੀ ਰਹੀ ਹੈ। ਇਕ-ਪੁਰਖੀ ਰਾਜ ਤੇ ਰਾਜੇ ਕਾਰਨ ਹੀ ਭਾਰਤੀ ਮਨੁੱਖਤਾ ਕੂੜ, ਮੋਹ, ਭੈ ਤੇ ਗ਼ੁਲਾਮੀ ਦੇ ਬੰਧਨ ਵਿਚ ਜਕੜੀ ਰਹੀ ਤੇ ਬਲਹੀਣ ਹੋ ਕੇ ਹਾਕਮਾਂ ਦਾ ਜ਼ੁਲਮ ਸਹਿੰਦੀ ਰਹੀ। ਦੂਸਰਾ ਗੁਰੂ-ਜੋਤਿ ਨੇ ਪੰਜਾਂ ਵਿਚ ਪ੍ਰਮੇਸ਼ਰ-ਸ਼ਕਤੀ ਨੂੰ ਸੰਚਾਰ ਕੇ ਜਿਥੇ ਇਕ-ਪੁਰਖੀ ਸ਼ਕਤੀ ਦੇ ਸਿਧਾਂਤ ਨੂੰ ਰੱਦ ਕੀਤਾ, ਉਥੇ ਉਹਨਾਂ ਨੇ ਪ੍ਰਮੇਸ਼ਰ-ਗੁਰੂ-ਸ਼ਕਤੀ ਨੂੰ ਪੰਜਾਂ ਵਿਚ, ਖ਼ਾਸ ਕਰਕੇ ਪੰਜਾਂ ਪਿਆਰਿਆਂ ਵਿਚ ਮੰਨ ਕੇ ਸਪੱਸ਼ਟ ਕਰ ਦਿੱਤਾ ਕਿ 'ਗੁਰੂ-ਸ਼ਕਤੀ' ਪੰਜਾਂ ਵਿਚ ਤੇ ਵਿਸ਼ੇਸ਼ ਤੌਰ ਤੇ ਪੰਜਾਂ ਪਿਆਰਿਆਂ ਦੁਆਰਾ ਹੀ ਪੂਰੀ ਤਰ੍ਹਾਂ ਪ੍ਰਗਟ ਤੇ ਉਜਾਗਰ ਹੋ ਸਕਦੀ ਹੈ। ਇਸੇ ਕਰਕੇ ਪੰਜਾਂ ਪਿਆਰਿਆਂ ਨੂੰ 'ਪੰਥ' ਦੇ ਰੂਪ ਵਿਚ ਜੋ ਮਾਨਤਾ ਪ੍ਰਾਪਤ ਹੋਈ ਹੈ, ਉਸ ਨੂੰ ਪਿਛਲੇ ਤਿੰਨ ਸੋ ਸਾਲਾਂ ਤੋਂ ਸਿੱਖ-ਜਗਤ ਸਵੀਕਾਰ ਕਰ ਰਿਹਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਇਹਨਾਂ ਪੰਜਾਂ ਪਿਆਰਿਆਂ ਨੂੰ ਗੁਰੂ-ਪੱਦਵੀ ਪ੍ਰਦਾਨ ਕਰਕੇ ਤੇ ਇਹਨਾਂ



www.AKJ.Org

ਹਥੋਂ ਅੰਮ੍ਰਿਤ ਛੱਕ ਕੇ ਆਪਣੇ ਜੀਵਨ ਵਿਚ ਹੀ ਸਪੱਸ਼ਟ ਕਰ ਦਿੱਤਾ ਸੀ ਕਿ ਪੰਜ ਪਿਆਰੇ 'ਗੁਰੂ' ਹਨ ਤੇ ਗੁਰੂ 'ਪੰਜਾਂ ਪਿਆਰਿਆਂ' ਵਿਚ ਨਿਵਾਸ ਰਖਦਾ ਹੈ। ਪੰਜਾਂ ਪਿਆਰਿਆਂ ਵਾਸਤੇ ਭੋਗ ਪਿਛੋਂ ਪ੍ਰਸ਼ਾਦ ਕਢਣਾ, ਪੰਜ ਪਿਆਰਿਆਂ ਨੂੰ ਨਗਰ-ਕੀਰਤਨਾਂ ਵੇਲੇ ਪ੍ਰਥੱਮ ਸਥਾਨ ਦੇਣਾ, ਸਿੱਖੀ ਝਗੜਿਆਂ ਨੂੰ ਨਿਬੇੜਨ ਵੇਲੇ ਪੰਜਾਂ ਪਿਆਰਿਆਂ ਨੂੰ ਗੁਰੂ ਦੇ ਰੂਪ ਵਿਚ ਸਵੀਕਾਰ ਕਰ ਲੈਣਾ, ਪੰਜਾਂ ਪਿਆਰਿਆਂ ਦੇ ਹੁਕਮ ਅਗੇ ਸ਼ੀਸ ਨਿਵਾ ਦੇਣਾ, ਇਹ ਸਾਰੇ ਕਰਮ ਪੰਜਾਂ ਪਿਆਰਿਆਂ ਨੂੰ 'ਗੁਰੂ ਹਸਤੀ' ਦਾ ਸੰਕੇਤ ਸਰੂਪ ਤੇ ਮਾਣ ਪ੍ਰਦਾਨ ਕਰਦੇ ਹਨ।

(੫)

'ਪਿਆਰੇ' ਦੀ ਸਾਰੀ ਚਰਿੱਤਰ-ਉਸਾਰੀ 'ਗੁਰੂ ਚਰਿੱਤਰ' ਵਰਗੀ ਹੀ ਹੁੰਦੀ ਹੈ। ਜੇ 'ਗੁਰੂ-ਚਰਿਤਰ' ਨਿਰਮਲ, ਨਿਰਵੈਰ ਤੇ ਨਿਰਭਉ ਹੈ, ਤਾਂ 'ਪਿਆਰੇ' ਦਾ ਜੀਵਨ-ਚਰਿੱਤਰ ਵੀ ਅੰਦਰੋਂ-ਬਾਹਰੋਂ ਨਿਰਮਲ, ਨਿਰਵੈਰ ਤੇ ਨਿਰਭਉ ਹੀ ਹੋਣਾ ਬਣਦਾ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਪੰਜਾਂ ਪਿਆਰਿਆਂ ਨੂੰ ਆਪਣਾ ਰੂਪ ਤੇ ਆਦਰਸ਼ ਪ੍ਰਦਾਨ ਕਰਦੇ ਹਨ, ਤਾਂ ਇਸ ਦਾ ਸਪੱਸ਼ਟ ਭਾਵ ਇਹ ਹੈ ਕਿ ਪੰਜ ਪਿਆਰਿਆਂ ਦੀ ਰੂਪ-ਰਹਿਣੀ ਤੇ ਜੀਵਨ-ਆਦਰਸ਼ 'ਗੁਰੂ' ਵਰਗਾ ਹੀ ਹੋਣਾ ਚਾਹੀਦਾ ਹੈ। ਜੇ ਦਸਮ ਪਾਤਿਸ਼ਾਹ 'ਅੰਮ੍ਰਿਤ' ਪ੍ਰਾਪਤ ਕਰ ਕੇ ਆਪਣੇ ਆਪ ਨੂੰ ਪੰਜ ਕਕਾਰਾਂ ਨਾਲ ਸ਼ਿੰਗਾਰਦੇ ਹਨ ਤਾਂ ਇਹੀ ਪੰਜ ਕਕਾਰਾਂ ਦਾ ਸ਼ਿੰਗਾਰ ਹਰ ਸਿੱਖ 'ਪਿਆਰਾ' ਬਣਨ ਵਾਸਤੇ ਲਾਜ਼ਮੀ ਪਹਿਨੇ। ਗੁਰੂ ਦੀ ਦੱਸੀ ਰਹਿਣੀ ਤੇ ਰਹਿਤ ਬਿਨਾਂ 'ਪਿਆਰਾ' ਬਣ ਸਕਣਾ ਜਾਂ ਅਖਵਾ ਸਕਣਾ ਅਸੰਭਵ ਹੈ। ਦਸਮ ਪਾਤਿਸ਼ਾਹ ਜਦੋਂ ਇਕ ਸੰਪੂਰਨ ਤੇ ਸੁਤੰਤਰ ਮਾਨਸ ਜਾਤਿ ਦਾ ਚਰਿਤਰ ਮੂਰਤੀਮਾਨ ਕਰਦੇ ਹਨ, ਤਾਂ ਉਹ ਆਖਦੇ ਹਨ ਕਿ ਉਸ ਦੇ ਮੁਖ ਵਿਚ 'ਹਰਿ' ਹੋਣਾ ਚਾਹੀਦਾ ਹੈ ਤੇ ਚਿੱਤ ਵਿਚ 'ਯੁੱਧ' ਹੋਣਾ ਚਾਹੀਦਾ ਹੈ। 'ਹਰਿ ਤੇ 'ਯੁੱਧ' ਦੀ ਜੀਵਨ-ਕ੍ਰਿਆ ਜੇ ਜੀਵਨ-ਸੰਘਰਸ਼ ਵਿਚ ਇਕਸੁਰ ਤੇ ਇਕਸਾਰ ਹੋ ਜਾਵੇ, ਤਾਂ ਨਿਸਚੇ ਹੀ ਮਰਦ ਦੇ ਅਗੰਮੜੇ ਚਰਿੱਤਰ ਦਾ ਪ੍ਰਗਟਾਅ ਤੇ ਪ੍ਰਕਾਸ਼ ਹੁੰਦਾ ਹੈ। ਜੇ ਦਸਮ ਪਾਤਸ਼ਾਹ ਨੂੰ ਭਾਈ ਗੁਰਦਾਸ ਸਿੰਘ 'ਮਰਦ ਅਗੰਮੜੇ' ਦੀ ਉਪਮਾ ਪ੍ਰਦਾਨ ਕਰਦਾ ਹੈ, ਤਾਂ ਇਸ ਦਾ ਭਾਵ ਇਹ ਵੀ ਹੈ, ਕਿ 'ਪਿਆਰੇ' ਤੇ 'ਖਾਲਸੇ' ਦਾ ਚਰਿੱਤਰ 'ਮਰਦ ਅਗੰਮੜੇ' ਵਰਗਾ ਹੀ ਹੋਣਾ ਚਾਹੀਦਾ ਹੈ।

(੬)

ਗੁਰੂ-ਜੋਤਿ ਨੇ ੧੪੬੯ ਤੋਂ ੧੭੦੮ ਤਕ—੨੩੯ ਸਾਲ ਵਿਚ ਜੋ ਅਧਿਆਤਮਿਕ-ਅਨੁਭਵ ਦੀ ਕਮਾਈ ਕੀਤੀ ਹੈ, ਉਸ ਦਾ ਸ਼ੁੱਧ ਤੇ ਸੁਤੰਤਰ ਸਰੂਪ 'ਬਾਣੀ' ਗੁਰੂ ਵੀ ਹੈ, ਗੁਰੂ ਹਿਰਦਾ ਵੀ ਹੈ, ਗੁਰੂ ਨੂੰ ਖਸਮ-ਪ੍ਰਭੂ ਵਲੋਂ ਬਖਸ਼ਿਸ਼ ਰੂਪ ਵਿਚ ਪ੍ਰਾਪਤ ਹੋਇਆ ਅਕਾਲੀ ਗਿਆਨ-ਪ੍ਰਕਾਸ਼ ਵੀ ਹੈ। ਗੁਰੂ ਤੇ ਬਾਣੀ ਦਾ ਸੁਭਾ ਚੂੰਕਿ ਨਿਰੰਤਰ ਪ੍ਰਕਾਸ਼ਮਈ ਰਿਹਾ ਹੈ, ਇਸ ਲਈ ਆਤਮਕ-ਅਗਵਾਈ ਲਈ ਇਹ ਗੁਰੂ-ਬਾਣੀ-ਪ੍ਰਕਾਸ਼ ਤਾਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੁਗੋ ਜੁਗ ਲਈ ਸਥਾਪਿਤ ਕਰ ਦਿੱਤਾ ਗਿਆ ਹੈ ਤੇ ਕੂੜ ਕ੍ਰਿਆ ਵਿਰੁਧ ਗੁਰੂ-ਸਰੀਰ ਦੀ ਸਾਰੀ ਯੁੱਧ ਕ੍ਰਿਆ, ਅਦੁੱਤੀ ਅਤੇ ਨਿਆਰੀ ਬੱਲ-ਸ਼ਕਤੀ ਪੰਜਾਂ ਪਿਆਰਿਆਂ ਤੇ ਪਿਆਰਿਆਂ ਦੇ ਖਾਲਸਈ ਸਰੂਪ ਨੂੰ ਸਦਾ ਵਾਸਤੇ ਬਖਸ਼ ਦਿਤੀ ਹੈ। 'ਪੰਜ ਪਿਆਰੇ' ਜਿਥੇ ਗੁਰੂ ਦੇ ਪਿਆਰੇ ਹਨ, ਗੁਰੂ-ਚਰਿੱਤਰ ਦੇ ਵਾਰਿਸ ਹਨ, ਉਥੇ ਗੁਰੂ-ਪੰਥ ਦੀ ਅਦੁੱਤੀ ਤੇ ਤੇਜਮਈ ਸ਼ਕਤੀ ਦੇ ਸਰੋਤ ਤੇ ਪਹਿਰੇਦਾਰ ਵੀ ਹਨ।* ਇਸੇ ਕਰਕੇ ਪੰਥ ਦਾ ਹਰ ਸੰਘਰਸ਼ ਪੰਜਾਂ ਪਿਆਰਿਆਂ ਦੀ ਅਗਵਾਈ ਹੇਠ ਹੀ ਅਰੰਭਿਆ ਜਾਂਦਾ ਹੈ ਤੇ ਜਿੱਤ ਤੇ ਜੈਕਾਰ ਦਾ ਪ੍ਰਗਟਾਅ ਵੀ ਪੰਜਾਂ ਪਿਆਰਿਆਂ ਦੀ ਤਾਬਿਆ ਵਿਚ ਹੀ ਕੀਤਾ ਜਾਂਦਾ ਹੈ। ਪੰਜੇ ਪਿਆਰੇ ਸੱਚ ਮੁੱਚ ਹੀ 'ਖਾਲਸੇ' ਤੇ 'ਪੰਥ' ਦੀ ਸਿਰਜਨਾ, ਸੰਘਰਸ਼ ਤੇ ਪ੍ਰਾਪਤੀਆਂ ਵਿਚ 'ਗੁਰੂ' ਦਾ ਰੋਲ ਅਦਾ ਕਰਦੇ ਹਨ।

---

* ਪੰਜਾਂ ਪਿਆਰਿਆਂ ਦਾ ਧੜਾ ਕੇਵਲ ਹਰੀ-ਪ੍ਰਭੂ ਹੈ, ਉਨ੍ਹਾਂ ਦਾ ਕਿਸੇ ਦੁਨਿਆਵੀ ਧੜੇ ਨਾਲ ਸੰਬੰਧ ਨਹੀਂ ਹੁੰਦਾ। ਜਿਹਾ ਕਿ ਗੁਰ-ਹੁਕਮ ਹੈ—"ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ......" (ਪੰਨਾ ੩੬੬) [ਸੰਪਾਦਕ



www.AKJ.Org

# ਧ੍ਰਿਗੁ ਇਵੇਹਾ ਜੀਵਣਾ

ਧ੍ਰਿਗੁ ਇਵੇਹਾ ਜੀਵਣਾ, ਜਿਤੁ ਹਰਿ ਪ੍ਰੀਤਿ ਨ ਪਾਇ ॥
ਜਿਤੁ ਕੰਮਿ ਹਰਿ ਵੀਸਰੈ, ਦੂਜੈ ਲਗੈ ਜਾਇ ॥੧॥
ਐਸਾ ਸਤਿਗੁਰੁ ਸੇਵੀਐ ਮਨਾ ॥
ਜਿਤੁ ਸੇਵਿਐ ਗੋਵਿੰਦ ਪ੍ਰੀਤਿ ਊਪਜੈ, ਅਵਰ ਵਿਸਰਿ ਸਭ ਜਾਇ ॥
ਹਰਿ ਸੇਤੀ ਚਿਤੁ ਗਹਿ ਰਹੈ, ਜਰਾ ਕਾ ਭਉ ਨ ਹੋਵਈ, ਜੀਵਨ ਪਦਵੀ ਪਾਇ ॥੧॥ਰਹਾਉ॥
[ਗੂਜਰੀ ਮਹਲਾ ੩, ਪੰਨਾ ੪੯੦

ਸੰਨ ੧੬੯੯ ਦੀ ਵੈਸਾਖੀ ਸਮੇਂ ਜੋ ਸਿਖ ਸੰਗਤਾਂ ਭਾਰੀ ਗਿਣਤੀ ਵਿਚ ਭਾਰਤ ਦੇ ਕੋਨੇ ਕੋਨੇ ਵਿਚੋਂ ਧਾ ਕੇ ਗੁਰੂ-ਚਰਨਾਂ ਵਿਚ ਪੁਜੀਆਂ ਸਨ, ਉਹ ਗੁਰੂ ਪਾਤਸ਼ਾਹ ਦੇ ਸੰਦੇਸ਼ ਤੇ ਹੁਕਮ ਦੀ ਪਾਲਣਾ ਕਰਨ ਆਈਆਂ ਸਨ। ਉਨ੍ਹਾਂ ਵਿਚ ਗੁਰਸਿਖੀ ਦਾ ਸੱਚਾ ਸੁਚਾ ਪਿਆਰ ਸੀ। ਉਹ ਗੁਰੂ ਦਸਮੇਸ਼ ਜੀ ਦੇ ਅਨੂਪਮ ਦਰਸ਼ਨਾਂ ਦੀ ਸਿਕ ਲੈ ਕੇ ਇੰਨੇ ਬਿਖੜੇ ਪੈਂਡੇ ਝਾਗ ਕੇ ਅਨੰਦਪੁਰੀ ਪੁਜੀਆਂ ਸਨ। ਇਹ ਉਸ ਸਮੇਂ ਦੀ ਵਾਰਤਾ ਹੈ ਜਦੋਂ ਕਿ ਆਉਣ ਜਾਣ ਦੇ ਕੋਈ ਵੀ ਉਹ ਸਾਧਨ ਨਹੀਂ ਸਨ, ਜੋ ਅੱਜ ਪ੍ਰਾਲਬਧ ਹਨ।

ਕਲਗੀਧਰ ਜੀ ਦੀ ਲਲਕਾਰ ਤੇ ਜਿਨ੍ਹਾਂ ਪੰਜ ਮਰਜੀਵੜਿਆਂ ਨੇ ਆਪਣੇ ਸੀਸ ਭੇਟ ਕੀਤੇ, ਉਹ ਕੋਈ ਸਾਧਾਰਨ ਮਨੁਖ ਨਹੀਂ ਸਨ, ਸਗੋਂ ਉਨ੍ਹਾਂ ਅੰਦਰ ਗੁਰਸਿਖੀ ਜੀਵਨ ਜੀਣ ਦਾ ਜਜ਼ਬਾ ਠਾਠਾਂ ਮਾਰਦਾ ਸੀ। ਉਨ੍ਹਾਂ ਦੇ ਸਰੀਰ-ਚੋਲੇ ਪ੍ਰੇਮ-ਰੰਗ ਵਿਚ ਰਤੇ ਹੋਏ ਅਤੇ 'ਅਖੀ ਪ੍ਰੇਮ ਕਸਾਈਆਂ' ਸਨ। ਉਨ੍ਹਾਂ ਦੇ 'ਹਰਿ ਪ੍ਰਭ ਰਤੇ ਲੋਇਣ' ਆਪਣੇ ਪਿਆਰੇ ਪ੍ਰੀਤਮ-ਸਾਜਨ ਦੇ ਦਰਸ ਨੂੰ ਪੇਖਣ ਲਈ ਬਿਹਬਲ ਹੋਏ ਹੋਏ ਸਨ। ਉਨ੍ਹਾਂ ਦੇ 'ਅੰਮ੍ਰਿਤ ਭਿੰਨੇ ਲੋਇਣ' 'ਆਪਣੇ ਰਾਮ ਸੰਗੇ' ਰਸ ਭਿੰਨਿਅੜੇ ਹੋ ਰਹੇ ਸਨ। ਉਨ੍ਹਾਂ ਨਾਮ-ਅੰਮ੍ਰਿਤ-ਰਸ ਦੇ ਅਭਿਲਾਖੀਆਂ ਲਈ ਬਿਖਿਆ ਰਸ ਫਿਕੇ ਸਨ। ਉਨ੍ਹਾਂ ਲਈ ਦੁਨਿਆਵੀ ਰਸ ਕਸ ਖਾਣ ਪੀਣ ਦੀ ਭੁਖ ਅਤੇ ਅਨਿਕ ਪ੍ਰਕਾਰੀ ਬਸਤਰ ਪਹਿਨਣ ਦੀ ਚਾਹਨਾ ਨਿਰੀ ਖੀਨ ਖਰਾਬੀ ਸੀ। ਉਨ੍ਹਾਂ ਗੁਰੂ ਕੇ ਲਾਲਾਂ ਅੰਦਰ ਗੁਰਬਾਣੀ ਦੇ ਇਹ ਹੁਕਮ ਸੰਚਰੇ ਹੋਏ ਸਨ—ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥

ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ਰਹਾਉ॥

ਅਤੇ—ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥

ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ਰਹਾਉ॥ [ਸਿਰੀਰਾਗੁ ਮ: ੧–੧੬

ਉਹ ਗੁਰੂ-ਪਿਆਰੇ ਗੁਰਸਿਖੀ ਕਮਾਉਣ ਲਈ ਕਾਫ਼ੀ ਚਿਰ ਤੋਂ ਹੀ ਘਾਲਣਾ ਘਾਲ ਰਹੇ ਜਾਪਦੇ ਹਨ। ਉਹ ਗੁਰੂ ਕੀ ਬਾਣੀ ਦੇ ਆਸ਼ਕ ਸਨ, ਤਾਹੀਓਂ ਉਨ੍ਹਾਂ ਨੂੰ ਇੰਨੀ ਬਾਣੀ ਕੰਠ ਸੀ ਕਿ ਜਦ ਸੀਸ ਭੇਟ ਦੇ ਕੇ ਕਲਗੀਧਰ ਜੀ ਤੋਂ ਅੰਮ੍ਰਿਤ ਦੀ ਦਾਤਿ ਪ੍ਰਾਪਤ ਕੀਤੀ ਤਾਂ ਫਿਰ ਉਨ੍ਹਾਂ ਨੂੰ ਆਗਿਆ ਹੋਈ ਕਿ ਉਹ ਹੁਣ ਸੱਚੇ ਪਾਤਿਸ਼ਾਹ ਨੂੰ ਉਸੇ ਤਰ੍ਹਾਂ ਅੰਮ੍ਰਿਤ ਤਿਆਰ ਕਰ ਕੇ ਛਕਾਉਣ। ਫਿਰ ਉਨ੍ਹਾਂ ਪੰਜਾਂ ਪਿਆਰਿਆਂ ਨੇ ਅੰਮ੍ਰਿਤ ਤਿਆਰ ਕਰਨ ਵੇਲੇ ਦੀਆਂ ਪੰਜ ਬਾਣੀਆਂ ਦੇ ਪਾਠ ਕਰ ਕੇ ਅੰਮ੍ਰਿਤ ਤਿਆਰ ਕੀਤਾ। ਇਹ ਬਾਣੀਆਂ ਤਾਂ ਹੀ ਉਸ ਵੇਲੇ ਪੜ੍ਹੀਆਂ ਜਾ ਸਕਦੀਆਂ ਸਨ, ਜੇ ਉਨ੍ਹਾਂ ਨੂੰ ਪਹਿਲਾਂ ਉਨ੍ਹਾਂ ਦੇ ਪੜ੍ਹਨ ਦਾ ਅਭਿਆਸ ਸੀ। ਸੋ ਉਹ ਨਾਮ-ਬਾਣੀ ਦੇ ਅਭਿਆਸੀ ਸਨ, ਉਨ੍ਹਾਂ ਦੇ ਲੋਇਣ ਬਿਸਮਾਦ ਰੰਗਾਂ ਨੂੰ ਪੇਖਣਹਾਰੇ ਸਨ। ਉਹ ਨਾਮ ਦੇ ਵਣਜਾਰੇ ਨਾਮ-ਰਸ ਦੀ ਪ੍ਰਾਪਤੀ ਦੇ ਅਕਾਂਖੀ ਸਨ। ਇਸੇ ਲਗਨ ਤੇ ਲਟਕ ਵਿਚ ਹੀ ਉਹ ਮੌਤ ਦੇ ਭਿਆਨਕ ਪੰਜੇ ਤੋਂ ਨਿਡਰ ਹੋਏ ਸਨ ਅਤੇ ਉਨ੍ਹਾਂ ਨੇ ਆਪਣੇ ਸੀਸ ਗੁਰੂ ਕੇ ਅਰਪਣ ਕਰ ਦਿਤੇ ਸਨ।

ਪਰ ਇਹ ਉਚੀ ਸੁਚੀ ਪ੍ਰੀਤ ਕਿਵੇਂ ਪ੍ਰਾਪਤ ਹੋਵੇ, ਜਿਸ ਪ੍ਰੀਤ ਦੇ ਸਦਕਾ ਹੋਰ ਹਰ ਤਰ੍ਹਾਂ ਦੀ ਮਾਇਕੀ ਪ੍ਰੀਤ ਵਿਸਰ ਜਾਵੇ, ਕੇਵਲ ਗੋਵਿੰਦ-ਪ੍ਰਭੂ ਦੀ ਪ੍ਰੀਤ ਹੀ ਹਿਰਦੇ ਅੰਦਰ ਉਤਪੰਨ ਹੋਵੇ, ਹਰੀ ਪ੍ਰਭੂ ਨਾਲ ਚਿਤ ਜੁੜ ਜਾਏ



www.AKJ.Org

ਅਤੇ ਬੁਢੇਪੇ ਤੇ ਮੌਤ ਆਦਿ ਦਾ ਡਰ ਚੁਕ ਜਾਏ ਅਤੇ ਫਿਰ ਜੀਵਨ ਪਦਵੀ ਨੂੰ ਪ੍ਰਾਪਤ ਹੋ ਜਾਵੇ ?

ਇਸ ਪਦ ਨੂੰ ਤਦ ਹੀ ਅਪੜ ਸਕਦੇ ਹਾਂ, ਜੇ ਦੁਨਿਆਵੀ ਰਸਾਂ ਕਸਾਂ ਵਲੋਂ ਮੂੰਹ ਮੋੜ ਲਿਆ ਜਾਵੇ। ਗੁਰਬਾਣੀ ਦਾ ਫ਼ੁਰਮਾਨ ਹੈ–

ਰਾਰਾ ਰਸੁ ਨਿਰਸ ਕਰਿ ਜਾਨਿਆ ॥ ਹੋਇ ਨਿਰਸ ਸੁ ਰਸੁ ਪਹਿਚਾਨਿਆ ॥
ਇਹ ਰਸ ਛਾਡੇ ਉਹ ਰਸੁ ਆਵਾ ॥ ਉਹ ਰਸੁ ਪੀਆ ਇਹੁ ਰਸੁ ਨਹੀ ਭਾਵਾ ॥੩੫॥ (੩੪੨)

ਦੁਨਿਆਵੀ ਸੁਆਦਾਂ ਨੂੰ ਛਡਿਆਂ ਹੀ ਉਹ ਅਗੰਮੀ ਰਸ ਪ੍ਰਾਪਤ ਹੋ ਸਕਦਾ ਹੈ। ਦੁਨਿਆਵੀ ਪਦਾਰਥਾਂ ਦੇ ਰਸਾਂ ਵਲੋਂ ਨਿ-ਰਸ ਹੋਇਆਂ ਹੀ ਉਸ ਸੱਚੇ ਸੁਚੇ ਨਾਮ-ਰਸ ਦੀ ਪਛਾਣ ਹੋ ਸਕਦੀ ਹੈ। ਜਿਨ੍ਹਾਂ ਨੇ ਨਾਮ-ਰਸ ਚਖਿਆ ਹੈ, ਨਾਮ-ਰਸ ਮਾਣਿਆ ਹੈ, ਉਨ੍ਹਾਂ ਨੂੰ ਫਿਰ ਦੁਨਿਆਵੀ ਭੋਗਾਂ ਦਾ ਰਸ ਭਾਉਂਦਾ ਹੀ ਨਹੀਂ।

ਪਰ ਅਜ ਸਾਡੀ ਕੀ ਅਵਸਥਾ ਹੈ ? ਆਪੋ ਆਪਣੇ ਅੰਦਰ ਝਾਤੀ ਮਾਰ ਕੇ ਵੇਖੀਏ। ਕੀ ਅਸੀਂ ਦੁਨਿਆਵੀ ਰਸਾਂ ਕਸਾਂ ਵਿਚ ਅਤੇ ਪਦਾਰਥਾਂ ਦੇ ਅਨਿਕ ਪ੍ਰਕਾਰੀ ਭੋਗਾਂ ਵਿਚ ਗ੍ਰਸੇ ਨਹੀਂ ਪਏ ਹਾਂ ? ਸਾਡੀ ਖਾਣ ਪੀਣ ਪਹਿਨਣ ਦੀ ਤ੍ਰਿਸ਼ਨਾ ਨਿਤ-ਨਵੀਂ ਹੁੰਦੀ ਹੈ, ਕਈ ਪ੍ਰਕਾਰ ਦੇ ਨਵੇਂ ਤੋਂ ਨਵੇਂ ਭੋਜਨ ਛਕ ਕੇ ਵੀ ਸਾਡੀ ਤ੍ਰਿਪਤੀ ਨਹੀਂ, ਸਗੋਂ ਦਿਨ-ਬਦਿਨ ਹੋਰ ਹੋਰ ਸੁਆਦਿਸ਼ਟ ਖਾਣਿਆਂ ਨੂੰ ਜੀਅ ਲਲਚਾਂਦਾ ਰਹਿੰਦਾ ਹੈ। ਇਸੇ ਤਰ੍ਹਾਂ ਪਹਿਰਣ ਦੀ ਲਾਲਸਾ ਵੀ ਵਧ ਤੋਂ ਵਧ ਹੈ। ਅਨਿਕ ਪ੍ਰਕਾਰੀ ਰੰਗੀਲੇ ਭੜਕੀਲੇ ਬਸਤਰਾਂ ਦੇ ਨਿਤ ਨਵੇਂ ਫੈਸ਼ਨਾਂ ਦੇ ਪਹਿਨਣ ਵਿਚ ਅਸੀਂ ਪਾਗਲ ਹੋਏ ਫਿਰਦੇ ਹਾਂ। ਸਾਡੀਆਂ ਅੱਖਾਂ ਟੈਲੀਵੀਯਨ ਦੀਆਂ ਹਾਵ-ਭਾਵ ਪੂਰਤ ਪਿਕਚਰਾਂ ਵੇਖ ਕੇ ਰਜਦੀਆਂ ਨਹੀਂ, ਸਾਡੇ ਕੰਨ ਗੁਰਬਾਣੀ ਸੁਣ ਕੇ ਇੰਨੇ ਪ੍ਰਸੰਨ ਨਹੀਂ ਹੁੰਦੇ ਜਿੰਨੇ ਚਟਕੀਲੇ ਮਟਕੀਲੇ ਗਾਣਿਆਂ-ਗੀਤਾਂ ਨੂੰ ਸੁਣਨ ਵਿਚ ਮਸਤ ਹੁੰਦੇ ਹਨ।

ਗੁਰੂ ਕੀ ਬਾਣੀ ਅਜਿਹੇ ਜੀਵਨ ਜੀਣ ਨੂੰ ਬਾਰ ਬਾਰ ਫਿਟਕਾਰਾਂ ਪਾਂਦੀ ਹੈ ਅਤੇ ਕਹਿੰਦੀ ਹੈ—

ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ ॥
ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ ॥੨॥੧੯॥
[ਮ: ੧, ਵਾਰ ਸੂਹੀ ਮ: ੩, ਪੰਨਾ ੪੯੦

ਸੱਚੇ ਨਾਮ ਦੀ ਪ੍ਰੀਤ ਤੋਂ ਬਿਨਾਂ ਹੋਰ ਸਭ ਤਰ੍ਹਾਂ ਦਾ ਪਿਆਰ ਦੁਸ਼ਮਣ ਹੈ, ਦੁਖਦਾਈ ਹੈ, ਮਾਰ ਮੁਕਾਣ ਵਾਲਾ ਹੈ, ਹਲਤ ਪਲਤ, ਇਹ ਲੋਕ ਤੇ ਅਗਲਾ ਲੋਕ ਵਿਗਾੜਨ ਵਾਲਾ ਹੈ–

ਧ੍ਰਿਗੁ ਤਿਨਾ ਦਾ ਜੀਵਿਆ ਜੋ ਹਰਿ ਸੁਖੁ ਪਰਹਰਿ ਤਿਆਗਦੇ ਦੁਖੁ ਹਉਮੈ ਪਾਪ ਕਮਾਇ ॥
ਮਨਮੁਖ ਅਗਿਆਨੀ ਮਾਇਆ ਮੋਹਿ ਵਿਆਪੇ, ਤਿਨ੍ ਬੂਝ ਨ ਕਾਈ ਪਾਇ ॥
ਹਲਤਿ ਪਲਤਿ ਓਇ ਸੁਖੁ ਨ ਪਾਵਹਿ ਅੰਤਿ ਗਏ ਪਛੁਤਾਇ ॥੧॥੮॥ (੫੧੧)
ਅਤੇ–ਧ੍ਰਿਗੁ ਏਹ ਆਸਾ ਦੂਜੇ ਭਾਵ ਕੀ, ਜੋ ਮੋਹਿ ਮਾਇਆ ਚਿਤੁ ਲਾਏ ॥
ਹਰਿ ਸੁਖੁ ਪਲ੍ਹਰਿ ਤਿਆਗਿਆ, ਨਾਮੁ ਵਿਸਾਰਿ ਦੁਖੁ ਪਾਏ ॥
ਮਨਮੁਖ ਅਗਿਆਨੀ ਅੰਧੁਲੇ ਜਨਮਿ ਮਰਹਿ ਫਿਰਿ ਆਵੈ ਜਾਏ ॥੧॥੫॥ (੮੫੦)

ਅਗਿਆਨੀ ਅੰਧੁਲੇ ਜੀਵ ਹਰੀ-ਨਾਮ ਦੇ ਮਹਾਨ ਸੁਖ ਨੂੰ ਤਿਆਗ ਦੇਂਦੇ ਹਨ ਅਤੇ ਹਉ ਤੇ ਮੈਂ ਦੇ ਅਫਰੇਵੇਂ ਵਿਚ ਉਲਝ ਕੇ ਮਾਇਆ ਦੇ ਮੋਹ ਵਿਚ ਫਸਦੇ ਤੇ ਪਾਪ ਕਮਾਂਦੇ ਹਨ ਅਤੇ ਇਉਂ ਲੋਕ ਪਰਲੋਕ ਲਈ ਦੁਖ ਸਹੇੜਦੇ ਹੋਏ ਪਛਤਾਂਦੇ, ਜਨਮ ਮਰਨ ਦੇ ਗੇੜ ਵਿਚ ਅਨੇਕਾਂ ਜੂਨੀਆਂ ਦੇ ਦੁਖ ਭੋਗਦੇ ਹਨ।

ਸਤਿਗੁਰੂ ਪਾਤਸ਼ਾਹ ਜੀਵ ਨੂੰ ਚਿਤਾਵਨੀ ਕਰਾਂਦੇ ਹਨ ਕਿ ਇਹ ਵੇਲਾ, ਮਨੁਖਾ ਜਨਮ ਦਾ ਇਹ ਅਮੋਲਕ ਅਵਸਰ ਮੁੜ ਹੱਥ ਨਹੀਂ ਆਉਣਾ, ਜੇ ਇਸ ਮਨੁਖਾ ਜਨਮ ਦੀ ਪਉੜੀ ਤੋਂ ਪੈਰ ਖਿਸਕ ਗਿਆ ਤਾਂ ਕਿਤੇ ਥਾਂ ਨਹੀਂ ਮਿਲਣੀ—

ਧ੍ਰਿਗੁ ਧ੍ਰਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ, ਧ੍ਰਿਗੁ ਧ੍ਰਿਗੁ ਕਪੜੁ ਅੰਗਿ ਚੜਾਇਆ ॥



www.AKJ.Org

ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ, ਜਿਤੁ ਹੁਣਿ ਖਸਮੁ ਨ ਪਾਇਆ ॥
ਪਉੜੀ ਛੁੜਕੀ ਫਿਰਿ ਹਾਥਿ ਨ ਆਵੈ, ਅਹਿਲਾ ਜਨਮੁ ਗਵਾਇਆ॥੧॥(ਬਿਲਾਵਲੁ ਮ:੩–੭੯੬)

ਅਤੇ—ਧ੍ਰਿਗੁ ਖਾਣਾ ਧ੍ਰਿਗੁ ਪੈਨ੍ਣਾ ਜਿਨ੍ਾ ਦੂਜੈ ਭਾਇ ਪਿਆਰੁ ॥
ਬਿਸਟਾ ਕੇ ਕੀੜੇ ਬਿਸਟਾ ਰਾਤੇ, ਮਰਿ ਜੰਮਹਿ ਹੋਹਿ ਖੁਆਰੁ ॥੫॥੯॥ (ਪ੍ਰਭਾਤੀ ਮ: ੩–੧੩੪੭)

ਗੁਰਬਾਣੀ ਉਨ੍ਹਾਂ ਪ੍ਰਾਣੀਆਂ ਨੂੰ ਬਾਰ ਬਾਂਰ ਧ੍ਰਿਕਾਰਾਂ ਤੇ ਫਿਟਕਾਰਾਂ ਪਾ ਰਹੀ ਹੈ ਜਿਹੜੇ ਮਾਇਆ ਦੇ ਰਸਾਂ ਕਸਾਂ ਨੂੰ ਭੋਗਣ ਵਿਚ, ਸੁਖਾਲੀ ਸੇਜਾਂ ਨੂੰ ਮਾਣਨ ਵਿਚ, ਗ੍ਰਿਹਸਤ ਤੇ ਕੁਟੰਬ ਦੇ ਮੋਹ-ਪਿਆਰ ਵਿਚ ਆਪਣਾ ਜੀਵਨ ਗੁਆ ਜਾਂਦੇ ਹਨ, ਪਰ ਗੁਰੂ ਚਰਨਾਂ ਵਿਚ ਜੁੜਨ ਵਿਚ ਜਾਂ ਸੇਵਾ-ਸਿਮਰਨ ਵਲ ਸੁਰਤ ਮੋੜਦੇ ਹੀ ਨਹੀਂ। ਜਿਹਾ ਕਿ—

(ੳ) ਸਤਿਗੁਰ ਸਿਉ ਚਿਤੁ ਨ ਲਾਇਓ, ਨਾਮੁ ਨ ਵਸਿਓ ਮਨਿ ਆਇ ॥
ਧ੍ਰਿਗੁ ਇਵੇਹਾ ਜੀਵਿਆ, ਕਿਆ ਜੁਗ ਮਹਿ ਪਾਇਆ ਆਇ ॥
ਮਾਇਆ ਖੋਟੀ ਰਾਸਿ ਹੈ, ਏਕ ਚਸੇ ਮਹਿ ਪਾਜੁ ਲਹਿ ਜਾਇ ॥੧॥੫॥ (੫੧੦)

(ਅ) ਸਤਿਗੁਰੂ ਨ ਸੇਵਿਓ ਸਬਦੁ ਨ ਰਖਿਓ ਉਰਧਾਰਿ ॥
ਧ੍ਰਿਗੁ ਤਿਨਾ ਕਾ ਜੀਵਿਆ ਕਿਤੁ ਆਏ ਸੰਸਾਰਿ ॥੧੩॥ (ਸਲੋਕ ਮ: ੩–੧੪੧੪)

(ੲ) ਧ੍ਰਿਗੁ ਬਹੁ ਜੀਵਣੁ ਜਿਤੁ ਹਰਿ ਨਾਮਿ ਨ ਲਗੈ ਪਿਆਰੁ ॥
ਧ੍ਰਿਗੁ ਸੇਜ ਸੁਖਾਲੀ ਕਾਮਣਿ ਮੋਹ ਗੁਬਾਰੁ ॥..... ੪॥
ਧ੍ਰਿਗੁ ਧ੍ਰਿਗੁ ਗ੍ਰਿਹੁ ਕੁਟੰਬੁ, ਜਿਤੁ ਹਰਿ ਪ੍ਰੀਤਿ ਨ ਹੋਇ ॥੫॥੮॥ (ਗਉੜੀ ਮ: ੩–੨੩੩)

(ਸ) ਧ੍ਰਿਗੁ ਜੀਵਣੁ ਸੰਸਾਰਿ ਸਚੇ ਨਾਮ ਬਿਨੁ ॥
ਪ੍ਰਭ ਦਾਤਾ ਦਾਤਾਰ ਨਿਹਚਲ ਏਹੁ ਧਨੁ ॥੨੦॥ (ਵਾਰ ਰਾਮਕਲੀ–੯੫੬)

ਇੰਨੀਆਂ ਫਿਟਕਾਰਾਂ ਪੈਣ ਦੇ ਬਾਵਜੂਦ ਅਸੀਂ ਗੁਰੂ ਦੀ ਦਸੀ ਕਾਰ ਕਮਾਉਣ ਦੀ ਥਾਂ, ਮਾਇਆ ਦੀ ਚਹਿਲ ਪਹਿਲ ਵਿਚ ਹੀ ਰਚ ਕੇ, ਰੰਗ-ਤਮਾਸ਼ੇ ਕੇ ਚਾਉ ਵਿਚ ਫਾਵੇ ਹੋਏ ਫਿਰਦੇ ਹਾਂ ਅਤੇ ਸਤਿਗੁਰੂ ਤੋਂ ਮਨਮੁਖ ਹੋਏ ਹੋਏ ਸੱਚੇ ਸੁਖ ਤੋਂ ਲਾਂਭੇ ਜਾ ਕੇ ਦੁਖਾਂ ਦੀਆਂ ਪੰਡਾਂ ਬੰਨ੍ਹ ਰਹੇ ਹਾਂ। ਸਾਡੀ ਇਸ ਭਟਕੀ ਹੋਈ ਦਸ਼ਾ ਦਾ ਚਿਤਰ ਭਗਤ ਕਬੀਰ ਜੀ ਇਉਂ ਖਿਚਦੇ ਹਨ—

ਕਬੀਰ ਸਾਚਾ ਸਤਿਗੁਰੁ ਕਿਆ ਕਰੈ, ਜਉ ਸਿਖਾ ਮਹਿ ਚੂਕ ॥
ਅੰਧੇ ਏਕ ਨ ਲਾਗਈ, ਜਿਉ ਬਾਂਸੁ ਬਜਾਈਐ ਫੂਕ ॥੧੫੮॥ (੧੩੭੨)

ਅਸੀਂ ਮਾਇਆ ਦੀ ਇਸ ਦੌੜ ਵਿਚ ਅੰਨ੍ਹੇ ਹੋ ਰਹੇ ਹਾਂ, ਗੁਰੂ-ਹੁਕਮਾਂ ਦੀ ਕੋਈ ਪਰਵਾਹ ਨਹੀਂ ਕਰਦੇ, ਬਾਹਰਮੁਖੀ ਸਾਡੇ ਸਾਰੇ ਕਰਮ ਧਰਮ ਤੇ ਪਾਠ ਪੂਜਾ ਹਉਮੈ ਦਾ ਪਸਾਰਾ ਹੈ, ਸਭ ਕੁਝ ਨਿਰਾ ਦਿਖਾਵਾ ਤੇ ਪਖੰਡ ਹੈ। ਅਸੀਂ ਨਿਜ-ਸੁਆਰਥਾਂ ਅਤੇ ਚੌਧਰਾਂ ਤੋਂ ਆਪਣੇ ਧੜਿਆਂ ਦੀਆਂ ਗੱਲਾਂ ਹੀ ਚਿਤਵਦੇ ਹਾਂ। ਆਪਾ-ਤਿਆਗ ਵਾਲੀ ਗੱਲ ਹੀ ਮੁਕੀ ਪਈ ਹੈ। ਪਰ-ਸੁਆਰਥ ਸਾਨੂੰ ਸੁਝਦਾ ਹੀ ਨਹੀਂ, ਦੂਜਿਆਂ ਦਾ ਭਲਾ ਚਿਤਵਣਾ ਸਾਡੇ ਅੰਦਰੋਂ ਨਿਖੁਟਦਾ ਜਾ ਰਿਹਾ ਹੈ। ਗੁਰਸਿਖਾਂ ਦੀ ਸੇਵਾ ਚਾਅ ਉਮਾਹ ਵਿਚ ਕਰਨ ਦੇ ਉਤਸ਼ਾਹ ਨਜ਼ਰ ਨਹੀਂ ਆਉਂਦੇ। ਖ਼ੁਦਗ਼ਰਜ਼ੀਆਂ ਅਤੇ ਆਪੋ-ਧਾਪੀਆਂ ਵਿਚ ਨਾਮ ਨਾਲ ਸੱਚੀ ਸੁਚੀ ਪ੍ਰੀਤ ਕਿਵੇਂ ਬਣ ਸਕਦੀ ਹੈ ?

ਇਹੋ ਹੀ ਕਾਰਨ ਹੈ ਕਿ ਅੱਜ ਸਾਡੀ ਐਡੀ ਮੰਦੀ ਦਸ਼ਾ ਹੋ ਰਹੀ ਹੈ, ਸਾਡੀ ਇੱਜ਼ਤ ਰੋਲੀ ਜਾ ਰਹੀ ਹੈ, ਸਾਡੀ ਅਣਖ ਦੇ ਮਖ਼ੌਲ ਉਡਾਏ ਜਾ ਰਹੇ ਹਨ। ਅਸੀਂ ਬੇਖ਼ੌਫ਼ ਹੋ ਕੇ ਆਪਣੇ ਦੇਸ਼ ਵਿਚ ਵੀ ਨਹੀਂ ਵਿਚਰ ਸਕਦੇ। ਸਾਡੀ ਦਸ਼ਾ ਗ਼ੁਲਾਮਾਂ ਤੋਂ ਵੀ ਭੈੜੀ ਹੈ। ਕੀ ਇਹ ਵੀ ਕੋਈ ਜੀਣਾ ਹੈ ? ਜੇ ਇਸ ਤਰ੍ਹਾਂ ਦੀ ਬੇਪਤੀ ਦੀ ਹਾਲਤ ਵਿਚ ਅਸੀਂ ਨਿਕੀਆਂ ਨਿਕੀਆਂ ਪ੍ਰਾਪਤੀਆਂ ਸਮੇਂ ਆਪੇ ਤੋਂ ਬਾਹਰ ਹੋ ਜਾਂਦੇ ਹਾਂ ਅਤੇ ਖੁਸ਼ੀਆਂ ਦੀਆਂ ਪ੍ਰਦਰਸ਼ਨੀਆਂ ਕਰਦੇ ਹਾਂ ਤਾਂ ਲਾਹਨਤ ਹੈ ਸਾਡੇ ਜੀਵਨੰ ਤੇ ! ਸਾਨੂੰ ਸੰਜੀਦਗੀ ਤੇ ਗੰਭੀਰਤਾ ਨਾਲ ਆਪਣੇ ਸਤਿਗੁਰਾਂ ਦੇ ਹੁਕਮ ਕਮਾਉਣੇ ਚਾਹੀਦੇ ਹਨ। ਸਤਿਗੁਰੂ ਦੇ ਹੁਕਮ ਪਾਲਣ ਵਿਚ ਸਾਰੇ ਸੁਖ ਹਨ।



www.AKJ.Org

ਜੋ ਗੁਰੂ ਕੇ ਲਾਲ, ਗੁਰੂ ਕਾ ਹੁਕਮ ਕਮਾਂਦੇ ਪਰਉਪਕਾਹ ਕਮਾਂਦੇ ਹਨ, ਗੁਰਸਿਖਾਂ ਦੀ ਸੇਵਾ ਕਰਦੇ ਹਨ, ਗੁਰਸਿਖਾਂ ਤੋਂ ਸਭ ਕੁਝ ਵਾਰਨੇ ਕਰਦੇ ਹੋਏ ਨਾਮ-ਬਾਣੀ ਨਾਲ ਜੁੜਦੇ ਹਨ, ਉਨ੍ਹਾਂ ਦਾ ਸਭ ਕੁਝ ਘਾਲਿਆ ਥਾਂਇ ਪੈਂਦਾ ਹੈ, ਉਨ੍ਹਾਂ ਦਾ ਜੀਵਨ ਸਫਲਾ ਹੈ। ਗੁਰੂ ਰਾਮਦਾਸ ਜੀ ਦਾ ਅਜਿਹੇ ਗੁਰਸਿੱਖਾਂ ਪ੍ਰਤੀ ਫ਼ੁਰਮਾਨ ਹੈ–

ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ, ਜੋ ਨਾਮਿ ਹਰਿ ਰਾਤੇ ॥
ਤਿਨ ਕੇ ਘਰ ਮੰਦਰ ਮਹਲ ਸਰਾਈ ਸਭਿ ਪਵਿਤ ਹਹਿ,
ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ ਜਾਇ ਵਰਸਾਤੇ ॥
ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ, ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ ॥
ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ, ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ ॥
ਜਿਨ ਕੈ ਪੋਤੈ ਪੁੰਨੁ ਹੈ, ਸੇ ਗੁਰਮੁਖਿ ਸਿਖ ਗੁਰੂ ਪਹਿ ਜਾਤੇ ॥੧੬॥ (ਵਾਰ ਸੋਰਠ–੬੪੮)

ਸ੍ਰੀ ਗੁਰੂ ਅੰਗਦ ਸਾਹਿਬ ਜੀ ਤਾਂ ਆਪਣੇ ਪਿਆਰੇ ਪ੍ਰੀਤਮ ਦੀ ਪ੍ਰੀਤੀ ਤੋਂ ਬਿਨਾਂ, ਸੰਸਾਰ ਵਿਚ ਹੋਰ ਜੋ ਕੁਝ ਵੀ ਜੀਊਣਾ ਹੈ, ਉਸ ਨੂੰ ਧ੍ਰਿਕਾਰ ਜੋਗ ਸਮਝਦੇ ਹਨ। ਫ਼ੁਰਮਾਨ ਹੈ–

ਜਿਸੁ ਪਿਆਰੇ ਸਿਉ ਨੇਹੁ, ਤਿਸੁ ਆਗੈ ਮਰਿ ਚਲੀਐ ॥
ਧ੍ਰਿਗੁ ਜੀਵਣੁ ਸੰਸਾਰਿ, ਤਾ ਕੈ ਪਾਛੈ ਜੀਵਣਾ ॥੨॥੩॥ (ਪੰਨਾ ੮੩)

# STORIES FROM BHAI SAHIB

ਦਾਸ ਉਪਰੋਕਤ ਪੁਸਤਕ ਅੰਗਰੇਜ਼ੀ ਵਿਚ ਲਿਖ ਕੇ ਛਪਵਾਉਣੀ ਚਾਹੁੰਦਾ ਹੈ। ਇਸ ਸੰਬੰਧ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸੰਪਰਕ ਵਿਚ ਆਏ ਸਜਣਾਂ ਪਾਸ ਜ਼ਰੂਰੀ ਬੇਨਤੀ ਹੈ ਕਿ ਉਹ ਆਪਣੇ ਆਪ ਪ੍ਰਥਾਏ ਵਾਪਰੇ ਕੌਤਕ, ਭਾਈ ਸਾਹਿਬ ਜੀ ਦੇ ਅਨਮੋਲ ਬਚਨ, ਗੁਝੇ ਬੋਲ ਤੇ ਅਭੁਲ ਅੱਖਰ, ਭਵਿਖ ਬਾਣੀਆਂ, ਰਮਜ਼ੀ ਕਹਾਣੀਆਂ, ਅਲੌਕਿਕ ਘਟਨਾਵਾਂ ਅਤੇ ਉਨ੍ਹਾਂ ਦੇ ਇਕ-ਅੱਖਰੇ ਮਖੌਲ, ਪ੍ਰਾਣੀਆਂ ਦੇ ਰਖੇ ਢੁਕਦੇ ਨਾਮ, ਅਤੇ ਉਨ੍ਹਾਂ ਦੀਆਂ ਹਸਣ-ਹਸਾਉਣ ਵਾਲੀਆਂ ਹੋਰ ਗੱਲਾਂ ਹੇਠਲੇ ਪਤੇ ਤੇ ਸਾਫ਼ ਕਰ ਕੇ ਲਿਖ ਭੇਜਣ ਜੀ। ਨਾਂ, ਥਾਂ ਪਤੇ ਆਦਿ ਠੀਕ ਹੋਣੇ ਜ਼ਰੂਰੀ ਹਨ। ਇਹੋ ਜਿਹੀ ਪੁਸਤਕ ਇਧਰ ਦੇ ਮਾਇਆ-ਗ੍ਰਸੇ ਅਤੇ ਧਰਮੋਂ ਭਟਕੇ ਹੋਏ ਅਮਰੀਕਨਾਂ ਗੋਰਿਆਂ ਵਿਚ ਬੜੀ ਮਕਬੂਲ ਹੋਵੇਗੀ। ਸੇਵਾ, ਉਪਕਾਰ ਤੇ ਗੁਰਮਤੀ ਪਰਚਾਰ ਲਈ ਇਸ ਪੁਸਤਕ ਦੀ ਇਥੇ ਡਾਢੀ ਲੋੜ ਹੈ। Prof Udey Singh, Third Line, 13277, RR 5, Bolton, Ontario, Canada, LOP-IAO

# 'ਖ਼ਾਲਸਾ ਕਕਾਰ ਸਟਾਲ' ਅਤੇ 'ਸੂਰਾ' ਪੱਤਰ ਦੇ ਚੰਦੇ

ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਕਾਜ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ 'ਸੂਰਾ' ਪੱਤਰ ਦੇ ਨਿਰਮਾਣ ਤੇ ਨਿਰਲੋਭ ਸੇਵਕ ਹਨ। ਇਨ੍ਹਾਂ ਪਾਸ 'ਸੂਰਾ' ਮਾਸਕ ਪੱਤਰ ਦੀ ਰਸੀਦ-ਬੁਕ ਹੁੰਦੀ ਹੈ ਅਤੇ ਇਹ ਵਖ ਵਖ ਸਮਾਗਮਾਂ ਤੇ ਪਿੰਡਾਂ-ਗਰਾਵਾਂ ਆਦਿ ਵਿਚ ਪੁਜ ਕੇ 'ਸੂਰਾ' ਦੇ ਚੰਦੇ ਇਕੱਠੇ ਕਰਦੇ ਰਹਿੰਦੇ ਹਨ।

ਕਾਫ਼ੀ ਸਮੇਂ ਤੋਂ ਸਾਡੇ ਪਾਸ ਇਹ ਸ਼ਿਕਾਇਤਾਂ ਪੁਜ ਰਹੀਆਂ ਹਨ ਕਿ ਇਨ੍ਹਾਂ ਗੁਰਮਤਿ-ਪਰਚਾਰ-ਸਮਾਗਮਾਂ ਸਮੇਂ ਵਖ ਵਖ ਸਜਣਾਂ ਵਲੋਂ ਕਕਾਰਾਂ ਦੀ ਵਿਕਰੀ ਕਰਨ ਸਮੇਂ ਕ੍ਰਿਪਾਨਾਂ, ਕਛਹਿਰਿਆਂ ਆਦਿ ਕਕਾਰਾਂ ਦੇ ਬਹੁਤ ਜ਼ਿਆਦਾ ਰੇਟ ਲਾਏ ਜਾਂਦੇ ਹਨ। ਇਸ ਲੁੱਟ-ਘਸੁੱਟ ਨੂੰ ਰੋਕਣ ਲਈ ਅਸਾਂ ਇਹ ਸੇਵਾ ਵੀ ਭਾਈ ਬਲਵੰਤ ਸਿੰਘ ਜੀ ਦੇ ਜ਼ਿਮੇ ਲਾਈ ਹੈ।

ਅਗੋਂ ਤੋਂ ਹਰ ਸਮਾਗਮ ਤੇ 'ਸੂਰਾ' ਸਟਾਲ ਦੇ ਨਾਲ "**ਖ਼ਾਲਸਾ ਕਕਾਰ ਸਟਾਲ**" ਭਾਈ ਬਲਵੰਤ ਸਿੰਘ ਜੀ ਲਾਇਆ ਕਰਨਗੇ। ਉਨ੍ਹਾਂ ਪਾਸੋਂ ਲੋੜ ਅਨੁਸਾਰ ਪੰਜੇ ਕਕਾਰ ਠੀਕ ਰੇਟਾਂ ਤੇ ਵੀਰਾਂ ਭੈਣਾਂ ਨੂੰ ਮਿਲਣਗੇ। ਰੇਟਾਂ ਬਾਰੇ ਕੋਈ ਸ਼ਿਕਾਇਤ ਹੋਵੇ ਤਾਂ 'ਸੂਰਾ' ਦਫ਼ਤਰ ਨੂੰ ਇਤਲਾਹ ਦਿਓ ਜੀ।



www.AKJ.Org

# ਰਾਜ ਕਰੇਗਾ ਖਾਲਸਾ

[ਵਲੋਂ—ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

(ਲੜੀ ਜੋੜਨ ਲਈ ਵੇਖੋ ਸੂਰਾ ਜਨਵਰੀ ੧੯੮੮)

ਪ੍ਰਸ਼ਨ—"ਰਾਜ ਕਰੇਗਾ ਖਾਲਸਾ ਆਕੀ ਰਹੈ ਨ ਕੋਇ" ਵਾਲਾ ਦੋਹਰਾ ਹਰ ਧਾਰਮਿਕ ਦੀਵਾਨ ਦੀ ਸਮਾਪਤੀ ਸਮੇਂ ਨਿਤਪ੍ਰਤਿ ਕਈ ਸਦੀਆਂ ਤੋਂ ਪੜ੍ਹਿਆ ਜਾ ਰਿਹਾ ਹੈ। ਕੀ ਇਹ ਧਰਮ ਨਾਲ ਸਿਆਸਤ ਦੇ ਸੁਮੇਲ ਦਾ ਪ੍ਰਤੀਕ ਨਹੀਂ ?

ਉੱਤਰ—ਜਿਸ ਖਾਲਸਾ ਰਾਜ ਦਾ ਸੰਕੇਤ ਉਪਰੋਕਤ ਦੋਹਰੇ ਵਿਚ ਕੀਤਾ ਹੋਇਆ ਹੈ, ਉਹ ਨਿਰੋਲ ਧਾਰਮਿਕ ਭਾਵਨਾ ਤੋਂ ਪ੍ਰੇਰਤ ਹੈ। ਖਾਲਸਾ ਰਾਜ ਦਾ ਪ੍ਰਯੋਜਨ ਕੋਈ ਹਵਸ-ਪੂਰਤੀ ਨਹੀਂ, ਸਗੋਂ ਧਰਮ ਦਾ ਵਿਸਥਾਰ ਕਰ ਕੇ, ਧਰਤੀ ਨੂੰ ਸਚੀ ਧਰਮਸਾਲ ਬਨਾਉਣਾ ਹੈ, ਜਿਥੇ ਸਭ ਪ੍ਰਸੰਨ ਤੇ ਸੁਖੀ ਵਸਣ। ਖਾਲਸਾ ਰਾਜ ਦੇ ਉਸਰਈਆਂ ਵਿਚ ਖਾਲਸਈ ਗੁਣ ਹੋਣੇ ਲਾਜ਼ਮੀ ਹਨ। ਉਨ੍ਹਾਂ ਗੁਣਾਂ ਦਾ ਸੰਕੇਤ ਗੁਰਬਾਣੀ ਅਤੇ ਸਿਖ ਪਰੰਪਰਾ ਵਿਚੋਂ ਮਿਲਦਾ ਹੈ :—

—ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥ ਪੈ ਕੋਇ ਨ ਕਿਸੈ ਰਞਾਣਦਾ ॥
ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥੧੩॥ [ਸਿਰੀਰਾਗੁ ਮ: ੫, ਪੰਨਾ ੭੪

—ਰਾਜ ਸਾਜ ਹਮ ਪਰ ਜਬ ਆਯੋ ॥ ਜਥਾ ਸ਼ਕਤਿ ਤਬ ਧਰਮ ਚਲਾਯੋ ॥੧॥
[ਬਚਿਤ੍ਰ ਨਾਟਕ, ਅਧਿ: ੮

—ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ ॥੧॥੧੦॥ [ਮਾਰੂ ਮ: ੧, ਪੰਨਾ ੯੯੨

—ਜੈਸੇ ਰਾਜਾ ਧਰਮ ਸਰੂਪ ਰਾਜਨੀਤਿ ਬਿਖੈ, ਤਾ ਕੇ ਦੇਸ ਪਰਜਾ-ਬਸਤ ਸੁਖ ਪਾਇ ਕੈ ॥੪੧੮॥
[ਕਬਿੱਤ ਭਾ: ਗੁਰਦਾਸ ਜੀ

"ਬਾਬਰ ਨੇ ਬੇਨਤੀ ਕੀਤੀ, 'ਮੁਝੇ ਉਪਦੇਸ਼ ਕਰੋ'। ਤਾਂ ਬਚਨ ਹੋਇਆ, 'ਧਰਮ ਦਾ ਨਿਆਉਂ ਕਰਨਾ, ਬਜ਼ੁਰਗਾਂ ਦੀ ਖਿਜਮਤ ਕਰਨੀ, ਗਰੀਬਾਂ ਨਾਲ ਵੰਡ ਖਾਣਾ, ਅਰ ਖੁਦਾਇ ਦੀ ਬੰਦਗੀ ਕਰਨੀ, ਤਾਂ ਥੁਹਾਡਾ ਰਾਜ ਥਿਰ ਰਹੇਗਾ'।" [ਗਿਆਨ ਰਤਨਾਵਲੀ, ਟੀਕਾ ੨੭ਵੀਂ ਪਉੜੀ

—ਖਲਕ ਖਾਲਿਕ ਕੀ ਜਾਨ ਕੈ ਖਲਕ ਦੁਖਾਵੈ ਨਾਹਿ ॥
ਖਲਕ ਦੁਖੈ ਜੋ ਨੰਦ ਜੀ ਖਾਲਿਕ ਕੋਪੈ ਤਾਹਿ ॥ [ਤਨਖ਼ਾਹਨਾਮਾ ਭਾ: ਨੰਦ ਲਾਲ ਜੀ

"ਰਾਜੇ ਕੋ ਚਾਹੀਐ ਜੋ ਨਿਆਉ ਸਮਝ ਕਰ ਭੈ ਸਾਥ ਕਰੈ, ਕੋਈ ਇਸ ਕੈ ਰਾਜ ਮੈ ਦੁਖਿਤ ਨ ਹੋਇ।...... ਸਚੇ ਧਰਮੀ ਰਾਜ ਦੀ ਸਹੀ ਨਿਸ਼ਾਨੀ ਇਹ ਹੈ ਕਿ ਉਹ ਜੀਵਨ ਦੇ ਹਰ ਖੇਤਰ ਵਿਚ ਧਰਮ ਹੀ ਵਰਤਾਏਗਾ।"
[ਪ੍ਰੇਮ ਸੁਮਾਰਗ

ਖਾਲਸਾ ਰਾਜ ਦੀ ਪ੍ਰਾਪਤੀ ਕੂੜ ਕੁਸੱਤ ਬੋਲ ਕੇ, ਸ਼ਰਾਬ ਕਬਾਬ ਖੁਆ ਕੇ ਜਾਂ ਦਮੜੇ ਖਰਚ ਕੇ ਵੋਟਾਂ ਬਟੋਰਨ ਨਾਲ ਨਹੀਂ, ਸਗੋਂ ਸੂਰਮਗਤੀ ਦੁਆਰਾ ਹੋਵੇਗੀ, ਜਿਸ ਮੂਹਰੇ ਕੋਈ ਅਧਰਮੀ ਆਕੀ ਨਹੀਂ ਹੋ ਸਕੇਗਾ। ਗਰਜ਼-ਗ੍ਰਸਤ ਸਿਖ ਸਿਆਸਤਦਾਨ, ਜੋ ਕੁਰਸੀ ਲਈ ਧਰਮ, ਕਰਮ, ਸ਼ਰਮ, ਸਭ ਕੁਝ ਦਾਅ ਤੇ ਲਾਉਣ ਦੇ ਆਦੀ ਹਨ, ਖਾਲਸਾ ਰਾਜ ਦੇ ਲਕਸ਼ ਨੂੰ ਸਮਝ ਸਕਣ ਤੋਂ ਵਾਂਜੇ ਹਨ। ਐਵੇਂ ਝੂਠੇ ਦਮਗਜੇ ਮਾਰ ਕੇ ਕੌਮ ਨੂੰ ਗੁਮਰਾਹ ਕਰ ਰਹੇ ਹਨ। ਇਹ ਬੜੀ ਵਾਰੀ ਅਜ਼ਮਾਏ ਜਾ ਚੁਕੇ ਹਨ ਤੇ ਹੁਣ ਇਨ੍ਹਾਂ ਦਾ ਪਾਜ ਉਘੜ ਆਇਆ ਹੈ।

ਹੁਣ ਸਮੇਂ ਦੀ ਸਭ ਤੋਂ ਵਡੀ ਲੋੜ ਹੈ ਕਿ ਇਨ੍ਹਾਂ ਸਿਆਸਤਦਾਨਾਂ ਤੋਂ ਸਿਖ ਧਰਮ ਨੂੰ ਬਚਾਅ ਲਿਆ ਜਾਵੇ, ਤਾਂ ਜੁ ਇਸ ਵਿਸ਼ਵ-ਵਿਆਪੀ ਧਰਮ ਦੇ ਸੰਦੇਸ਼ ਨਾਲ ਸੰਸਾਰ ਦੀ ਕਲਿਆਣ ਦਾ ਅਤੇ ਖਾਲਸਾ ਰਾਜ ਦਾ ਬਾਨ੍ਹਣੂ ਬੰਨ੍ਹਿਆ ਜਾ ਸਕੇ।



www.AKJ.Org

# ਲਿਵ ਧਾਤੁ ਦੁਇ ਰਾਹ ਹੈ

[ਪ੍ਰੋਫੈਸਰ ਗੁਰਮੁਖ ਸਿੰਘ ਜੀ, 79—ਇੰਦਰਪੁਰੀ, ਸਰਹਿੰਦ ਰੋਡ, ਪਟਿਆਲਾ]

ਲਿਵ ਦੇ ਅਰਥ ਹਨ ਰੂਹਾਨੀ ਰਾਹ, ਤੇ ਧਾਤੁ ਦੇ ਅਰਥ ਹਨ ਪਦਾਰਥਵਾਦ (ਮਾਇਆ) ਦਾ ਰਾਹ। ਸਤਿਗੁਰੂ ਜੀ ਗੁਰਬਾਣੀ ਵਿਚੋਂ ਇਹ ਸੇਧ ਬਖਸ਼ ਰਹੇ ਹਨ ਕਿ ਸਚਿਆਰ ਸਿਖ ਨੇ ਰੂਹਾਨੀ ਮਾਰਗ ਤੇ ਚਲਣ ਦਾ ਜਤਨ ਕਰਨਾ ਹੈ, ਭਾਵੇਂ ਦਿਸਦਾ ਬਾਕੀ ਦਾ ਸਾਰਾ ਜਗਤ ਪਦਾਰਥਾਂ ਦੇ ਮਗਰ ਕਿਉਂ ਨਾ ਦੌੜਿਆ ਫਿਰੇ। ਸਮੁਚੀ ਮਨੁਖ ਜਾਤੀ ਨੂੰ ਭੀ ਸਤਿਗੁਰੂ ਜੀ ਦੀ ਪਾਰਖੂ ਦ੍ਰਿਸ਼ਟੀ ਨੇ ਦੋ ਭਾਗਾਂ ਵਿਚ ਵੰਡਿਆ ਹੈ—ਗੁਰਮੁਖ ਅਤੇ ਮਨਮੁਖ। ਗੁਰਮੁਖ ਲਿਵ ਦੇ ਰਾਹ ਦਾ ਪਾਂਧੀ ਹੈ, ਜਦ ਕਿ ਧਾਤੁ ਦਾ ਰਾਹ ਕੇਵਲ ਮਨਮੁਖਾਂ ਲਈ ਹੀ ਰਾਖਵਾਂ ਹੈ। ਇਸ ਨੁਕਤਾ ਨਿਗਾਹ ਤੋਂ ਅੱਜ ਕੌਮ ਦਾ ਸਰਵੇਖਣ ਕਰਨਾ ਉਚਿਤ ਹੋਵੇਗਾ ਕਿ ਸਿੱਖ ਕੌਮ ਲਿਵ ਦੇ ਰਾਹ ਤੇ ਹੈ ਜਾਂ ਪਦਾਰਥਵਾਦ ਦੇ ਰਾਹ ਤੇ ਭਟਕ ਗਈ ਹੈ? —ਸੰਪਾਦਕ

ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ ॥੨॥੧੨॥

ਮ: ੩, ਸਿਰੀ ਰਾਗ ਕੀ ਵਾਰ, ਪੰਨਾ ੮੭

ਸ੍ਰੀ ਗੁਰੂ ਰਾਮਦਾਸ ਜੀ ਰਚਿਤ ਸਿਰੀ ਰਾਗ ਦੀ ਵਾਰ ਵਿਚ, ਉਪਰੋਕਤ ਸਲੋਕ ਵਿਚ ਸ੍ਰੀ ਗੁਰੂ ਅਮਰਦਾਸ ਜੀ ਗੁਰਮੁਖ ਅਤੇ ਮਨਮੁਖ ਦੇ ਜੀਵਨ-ਵਿਹਾਰ ਸੰਬੰਧੀ ਭਰਪੂਰ ਵਿਚਾਰ ਕਰਦੇ ਹੋਏ ਫੁਰਮਾਉਂਦੇ ਹਨ ਕਿ ਮਨਮੁਖ ਨੂੰ ਲਖ ਪਏ ਸਮਝਾਓ, ਲਿਵ ਦੇ ਰਾਹ ਦੀ ਗੱਲ ਉਸ ਦੀ ਸਮਝ ਤੋਂ ਬਾਹਰੀ ਹੈ, ਕਿਉਂਕਿ ਉਸ ਦੇ ਪਿਛਲੇ ਜਨਮਾਂ ਦੇ ਸੰਸਕਾਰਾਂ ਅਨੁਸਾਰ ਬਣੇ ਸੁਭਾਅ ਉਸ ਨੂੰ ਧਾਤੁ ਜਾਂ ਪਦਾਰਥਾਂ (ਮਾਇਆ) ਵਲ ਖਿੱਚੀ ਰਖਦੇ ਹਨ। ਗੁਰਮੁਖਾਂ ਦੀ ਸੰਗਤ ਵਿਚ ਭੀ ਉਹ ਰਲਾਇਆ ਨਹੀਂ ਰਲਦਾ। ਪਰ ਦੂਜੇ ਪਾਸੇ ਗੁਰਮੁਖ ਹਨ ਜੋ ਸਦਾ ਗੁਰੂ ਦੇ ਹੁਕਮਾਂ ਸਿਰ ਹੁਕਮ—ਨਾਮ ਜਪਣ—ਦੇ ਆਦੇਸ਼ ਅਨੁਸਾਰ ਆਪਣੇ ਮਨ ਨੂੰ ਸੋਧਦੇ ਹਨ ਤੇ ਅੰਤਰ-ਆਤਮੇ ਸੱਚੇ ਨਾਮ ਵਿਚ ਲੀਨ ਰਹਿੰਦੇ ਹਨ। ਦੋਹਾਂ ਰਾਹਾਂ ਦੀ ਮੰਜ਼ਲ ਦਾ ਜ਼ਿਕਰ ਕਰਦਿਆਂ ਆਪ ਫੁਰਮਾਉਂਦੇ ਹਨ ਕਿ ਲਿਵ ਦਾ ਰਾਹ ਤਾਂ ਸਚ-ਖੰਡ ਵਿਚ ਅਪੜਾਉਂਦਾ ਹੈ, ਪਰ ਧਾਤੁ ਦਾ ਰਾਹ ਨਾ ਮੁਕਣ ਵਾਲਾ ਚਕਰਵਿਉ (Circular Road) ਰਾਹ ਹੈ, ਇਸ ਲਈ ਇਸ ਤੇ ਤੁਰਨ ਵਾਲੇ ਨੂੰ ਸਦਾ ਇਸ ਸੰਸਾਰ ਦਾ ਹੀ ਗੇੜਾ ਕਟਣਾ ਪੈਂਦਾ ਹੈ। ਜਿਸ ਨੂੰ ਜਨਮ-ਮਰਨ ਦਾ ਗੇੜ ਭੀ ਕਹਿੰਦੇ ਹਨ। ਅਸੀਂ ਰੋਜ਼ਾਨਾ ਨਿਤਨੇਮ ਦੀ ਬਾਣੀ ਅਨੰਦ ਸਾਹਿਬ ਵਿਚ ਪੜ੍ਹਦੇ ਹਾਂ:— ਸਾਚੀ ਲਿਵੈ ਬਿਨੁ ਦੇਹ ਨਿਮਾਣੀ ॥

ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ ॥੬॥ (੯੧੭)

ਧਾਤੁ ਸ਼ਬਦ ਨੂੰ ਗੁਰਬਾਣੀ ਵਿਚ ਕਈ ਅਰਥਾਂ ਵਿਚ ਵਰਤਿਆ ਗਿਆ ਹੈ; ਇਸ ਲਈ ਸਾਵਧਾਨ ਕੀਤਾ ਜਾਂਦਾ ਹੈ ਕਿ ਧਾਤੁ ਦੇ ਅਰਥ ਕੇਵਲ ਪਦਾਰਥੁ ਹੀ ਨਾ ਸਮਝ ਲਏ ਜਾਣ। ਜਿਵੇਂ ਜਪੁਜੀ ਸਾਹਿਬ ਦੀ ੨੨ਵੀਂ ਪਉੜੀ ਵਿਚ ਆਉਂਦਾ ਹੈ—

ਸਹੰਸ ਅਠਾਰਹ ਕਹਨਿ ਕਤੇਬਾ, ਅਸੁਲੂ ਇਕੁ ਧਾਤੁ ॥

ਭਾਵ, ਇਸਲਾਮੀ ਤੇ ਈਸਾਈ ਆਦਿਕ ਦੀਆਂ ਚਾਰ ਕਿਤਾਬਾਂ ਕਹਿੰਦੀਆਂ ਹਨ ਕਿ ਕੁਲ ਅਠਾਰ੍ਹਾਂ ਹਜ਼ਾਰ ਆਲਮ ਹਨ, ਪਰ ਸਭ ਦਾ ਮੁਢ ਧਾਤੂ, ਇਕ ਅਕਾਲ ਪੁਰਖ ਹੈ।

ਅਸਾਂ ਹੱਥਲੇ ਲੇਖ ਵਿਚ ਕੇਵਲ ਲਿਵ ਅਤੇ ਧਾਤੁ ਦੇ ਰਾਹ ਬਾਰੇ ਹੀ ਗੁਰਮਤੀ ਕਦਰਾਂ ਦੀ ਲੋਅ ਵਿਚ ਵਿਚਾਰ ਕਰਨੀ ਹੈ।

ਸਤਿਗੁਰੂ ਨਾਨਕ ਦੇਵ ਜੀ ਨੇ ਤਾਂ ਆਪਣੇ ਸਤਿਸੰਗੀਆਂ ਅਤੇ ਸਿੱਖਾਂ ਨੂੰ ਸ਼ੁਰੂ ਤੋਂ ਹੀ ਇਹੋ ਸਿਖਿਆ ਦਿੱਤੀ ਕਿ ਸੰਸਾਰ ਨੂੰ ਛੱਡ ਕੇ ਕਿਤੇ ਭਜਣਾ ਨਹੀਂ, ਪਰ ਇਸ ਤੋਂ ਪਹਿਲੇ ਭਾਰਤੀ ਧਰਮ-ਚਿੰਤਕਾਂ ਨੇ ਲਿਵ ਤੇ ਧਾਤ ਦੇ ਰਾਹਾਂ ਨੂੰ ਇਕ ਦੂਜੇ ਦੇ ਨੇੜੇ ਆਉਣ ਤੋਂ ਰੋਕਣ ਦੇ ਬੜੇ ਪੱਕੇ ਪ੍ਰਬੰਧ ਕੀਤੇ ਹੋਏ ਸਨ। ਬੋਧੀ ਅਤੇ ਜੈਨੀ ਸਾਧੂ,



www.AKJ.Org

ਸੰਨਿਆਸੀ ਅਤੇ ਜੋਗੀ, ਬ੍ਰਹਮਚਾਰੀ, ਮੁਨੀ ਅਤੇ ਮੋਨੀ, ਹੱਠੀ ਅਤੇ ਤੱਪੀ, ਇਹ ਸਭ ਲਿਵ ਦੇ ਮਾਰਗ ਦੇ ਪਾਂਧੀ ਆਪਣੇ ਆਪ ਨੂੰ ਗਰਦਾਨਦੇ ਸਨ। ਸੁਮੇਰ ਪਰਬਤ ਤੇ ਸਿੱਧ ਤਦੋਂ ਹੀ ਤਾਂ ਹੈਰਾਨ ਹੋਏ ਸਨ ਤੇ ਸਤਿਗੁਰਾਂ ਨੂੰ ਇਕ ਵਿਸ਼ੇਸ਼ ਸਵਾਲ ਪੁਛਿਆ ਸੀ ਕਿ 'ਧਾਤੁ ਦੇ ਰਾਹ ਦਾ ਪਾਂਧੀ' ਲਿਵ ਦੇ ਇਸ ਬਿਖੜੇ ਰਾਹ ਨੂੰ ਲੰਘ ਕੇ ਇਥੇ ਕਿਵੇਂ ਪੁਜਿਆ ? ਤੇ ਕਿਉਂ ?

ਸਵਾਲ–ਕਹ ਬੈਸਹੁ ਕਹ ਰਹੀਐ ਬਾਲੇ, ਕਹ ਆਵਹੁ ਕਹ ਜਾਹੋ ॥
ਨਾਨਕੁ ਬੋਲੈ ਸੁਣਿ ਬੈਰਾਗੀ, ਕਿਆ ਤੁਮਾਰਾ ਰਾਹੋ ॥੨॥
ਉਤਰ–ਘਟਿ ਘਟਿ ਬੈਸਿ ਨਿਰੰਤਰਿ ਰਹੀਐ, ਚਾਲਹਿ ਸਤਿਗੁਰ ਭਾਏ ॥
ਸਹਜੇ ਆਏ, ਹੁਕਮਿ ਸਿਧਾਏ, ਨਾਨਕ ਸਦਾ ਰਜਾਏ ॥੩॥
(ਰਾਮਕਲੀ ਮ: ੧ ਸਿਧ ਗੋਸਟਿ, ਪੰਨਾ ੯੩੮)

ਸਤਿਗੁਰੂ ਜੀ ਦੀ ਸਿਧ ਗੋਸਟਿ ਵਿਚਲੀ ਸਮੁਚੀ ਵਾਰਤਾਲਾਪ ਦਾ ਸਾਰੰਸ਼ ਸਿੱਧ ਗੋਸਟਿ ਬਾਣੀ ਦੀ 'ਰਹਾਉ' ਦੀ ਤੁਕ ਵਿਚ ਆ ਜਾਂਦਾ ਹੈ—

ਕਿਆ ਭਵੀਐ, ਸਚਿ ਸੂਚਾ ਹੋਇ ॥ ਸਾਚ ਸਬਦ ਬਿਨੁ ਮੁਕਤਿ ਨ ਕੋਇ ॥੧॥ਰਹਾਉ॥ (ਪੰਨਾ ੯੩੮)

ਭਾਵ, ਸਚਿਆਰ ਹੋਣ ਲਈ ਸੰਸਾਰ ਤਿਆਗਣ ਦੀ ਲੋੜ ਨਹੀਂ। ਲਿਵ ਦੇ ਰਾਹ ਨੂੰ ਧਾਤੁ ਦੇ ਰਾਹ ਤੋਂ ਇਤਨਾ ਦੂਰ ਲਿਜਾਣ ਦੀ ਕੀ ਲੋੜ ਹੈ ? ਜੇ ਸੱਚੇ ਵਾਹਿਗੁਰੂ ਜੀ ਦੇ ਨਾਮ ਤੋਂ ਬਿਨਾਂ ਕਿਸੇ ਦੀ ਮੁਕਤੀ ਹੋਣੀ ਹੀ ਨਹੀਂ ਤਾਂ ਕੀ ਇਹ ਨਾਮ ਸੰਸਾਰ ਵਿਚ ਵਿਚਰਦਿਆਂ ਜਪਿਆ ਨਹੀਂ ਜਾ ਸਕਦਾ ? ਇਹ ਉਹ ਪੜਾਅ ਹੈ ਜਿਥੇਂ ਭਾਰਤੀ ਧਰਮ-ਚੇਤਨਾ ਅਤੇ ਗੁਰਮਤਿ ਚਿੰਤਨ ਅੱਡ ਹੁੰਦੇ ਹਨ। ਗੁਰੂ ਪਾਤਸ਼ਾਹ ਸੰਸਾਰ ਦੇ ਤਿਆਗ ਤੋਂ ਸਿਖਾਂ ਨੂੰ ਵਰਜਦੇ ਹਨ—

ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥
ਕਹੁ ਨਾਨਕ ਬਾਹ ਲੁਡਾਈਐ ॥੪॥੩੩॥ (ਸਿਰੀ ਰਾਗ ਮ: ੧, ਪੰਨਾ ੨੬)

ਸੇਵ ਕਮਾਉਣ ਦੇ ਅਰਥ ਇਸ ਤੋਂ ਪਹਿਲੀ ਤੁਕ ਵਿਚ ਆਏ ਅਰਥਾਂ ਅਨੁਸਾਰ ਨਾਮ ਜਪਣ ਦੇ ਹਨ। ਦੁਨੀਆ ਵਿਚ ਰਹਿ ਕੇ, ਸਮਾਜ ਵਿਚ ਵਿਚਰ ਕੇ, ਨਾਮ ਜਪ ਕੇ ਸੰਸਾਰ ਤੋਂ ਪਾਰ ਹੋਣਾ ਹੈ। ਦਰਗਾਹ ਵਿਚ ਬੈਠਣ ਜੋਗ ਬਣਨਾ ਹੈ, ਇਉਂ ਨਾਮ ਜਪ ਕੇ ਖੇੜੇ ਵਿਚ ਵਿਚਰਨਾ ਹੈ—

ਹਿਰਦੈ ਨਾਮੁ ਵਸਾਇਹੁ ॥ ਘਰਿ ਬੈਠੇ ਗੁਰੂ ਧਿਆਇਹੁ ॥
ਗੁਰਿ ਪੂਰੈ ਸਚੁ ਕਹਿਆ ॥ ਸੋ ਸੁਖੁ ਸਾਚਾ ਲਹਿਆ ॥੧॥੫੨॥ (ਸੋਰਠਿ ਮ: ੬—੧੨੧)

ਸੋ ਗੁਰੂ ਨਾਨਕ ਦੇਵ ਜੀ ਅਨੁਸਾਰ ਗ੍ਰਿਹਸਤ ਵਿਚ ਰਹਿ ਕੇ ਲਿਵ ਦੇ ਮਾਰਗ ਨੂੰ ਆਪਣੇ ਹਿਰਦੇ ਵਿਚ ਧਾਰਨ ਕਰਨਾ ਹੀ ਰੱਬੀ ਦਰਗਾਹ ਵਿਖੇ ਕਬੂਲ ਹੋਣ ਦਾ ਠੀਕ ਰਾਹ ਹੈ। ਸਤਿਗੁਰਾਂ ਨੇ ਇਹ ਮਾਰਗ ਸਿਖ ਲਈ ਤਜਵੀਜ਼ ਕੀਤਾ ਹੈ ਤੇ ਸਿਖਾਂ ਨੇ ਇੰਨ ਬਿੰਨ ਇਸ ਤੇ ਤੁਰਨਾ ਹੈ। ਹੁਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਕੀ ਅਸੀਂ ਇਸ 'ਲਿਵ+ਧਾਤੁ' ਦੇ ਮਿਲੇ-ਜੁਲੇ ਮਾਰਗ ਨੂੰ ਕਾਮਯਾਬੀ ਨਾਲ ਚਲਾ ਸਕੇ ਹਾਂ ? ਘੜੀ ਦੇ ਪੈਂਡੂਲਮ ਵਾਂਗ ਸਿੱਖ ਕੌਮ ਕਦੀ ਲਿਵ ਵਲ ਤੇ ਕਦੀ ਧਾਤੁ ਵਲ ਲਮਕਦੀ ਆਈ ਹੈ। ਪਰ ਅਜ ਲਗ ਪਗ ਸਾਰੀ ਕੌਮ ਹੀ ਪਦਾਰਥਾਂ ਵਲ ਝੁਕੀ ਪਈ ਜਾਪਦੀ ਹੈ।

ਜਦੋਂ ਦਸ਼ਮੇਸ਼ ਪਿਤਾ ਜੀ ਦੇ ਸਚਖੰਡ ਪਿਆਨੇ ੧੭੦੮ ਵਿਚ ਹੋਏ ਤਾਂ ਓਦੋਂ ਬੰਦਾ ਸਿੰਘ ਜੀ ਨੇ ੧੭੧੦ ਤੋਂ ੧੭੧੬ ਤਕ ਖ਼ੂਬ ਮੱਲਾਂ ਮਾਰੀਆਂ, ਤੇ ਧਰਮ ਦੇ ਦੋਖੀਆਂ ਨੂੰ ਮੁਨਾਸਬ ਦੰਡ ਦਿੱਤੇ। ਪਰ ਐਸੇ ਤਪੱਸਵੀ ਭੀ ਲਿਵ ਤੇ ਧਾਤ ਵਿਚਕਾਰ ਸੰਤੁਲਨ ਖੋ ਬੈਠੇ। ਤੱਤ ਖਾਲਸੇ ਤੇ ਬੰਦਈ ਖਾਲਸੇ ਵਿਚ ਸਿਧਾਂਤਕ ਮਤਭੇਦਾਂ ਦਾ ਉਠ ਖਲੋਣਾ ਇਸੇ ਅਧੋਗਤੀ ਵਲ ਸੰਕੇਤ ਹੈ। ਮੌਜੂਦਾ ਸਮੇਂ ਦੇ ਸਿਖ ਸਿਆਸਤਦਾਨਾਂ ਵਿਚਕਾਰ ਪ੍ਰਸਪਰ ਵਿਰੋਧ ਹੋਣ ਤੋਂ ਭੀ ਇਹੋ ਸਿੱਧ ਹੁੰਦਾ ਹੈ ਕਿ ਅਸੀਂ ਲਿਵ ਦੇ ਰਾਹ ਤੋਂ ਖੁੰਝ ਗਏ ਹਾਂ ਅਤੇ ਧਾਤੁ ਦੇ ਕੰਡਿਆਲੇ ਰਾਹ ਵਿਚ



www.AKJ.Org

ਛਲਨੀ ਛਲਨੀ ਹੋ ਰਹੇ ਹਾਂ। ਸਤਿਗੁਰਾਂ ਨੂੰ ਇਸ ਨਵੀਨ ਲਿਵ+ਧਾਤੁ ਦੇ ਰਾਹ ਵਿਚ ਆਉਣ ਵਾਲੀ ਸਭ ਤੋਂ ਵੱਡੀ ਔਕੜ–ਦੁਬਿਧਾ–ਦਾ ਪਤਾ ਸੀ, ਇਸੇ ਲਈ ਉਹ ਸਾਨੂੰ ਇਸ ਦੇ ਦੂਰ ਕਰਨ ਦਾ ਨੁਸਖ਼ਾ ਭੀ ਲਿਖ ਕੇ ਦੇ ਗਏ ਹਨ, ਤਾਂ ਜੁ ਸਦੈਵੀ ਸੁਖ ਲਈ ਇਸ ਦੀ ਵਰਤੋਂ ਕੀਤੀ ਜਾਵੇ। ਪਰ ਸਾਡੀ ਮੱਤ ਉਤੇ ਧਾਤੁ ਦਾ ਸੰਘਣਾ ਪਰਦਾ ਪਿਆ ਹੋਇਆ ਹੈ। ਅਸੀਂ ਨੁਸਖ਼ੇ ਦੀ ਅਮਲੀ ਤੌਰ ਤੇ ਵਰਤੋਂ ਹੀ ਨਹੀਂ ਕਰ ਰਹੇ—

ਹੋਇ ਇਕਤ੍ਰ ਮਿਲਹੁ ਮੇਰੇ ਭਾਈ, ਦੁਬਿਧਾ ਦੂਰਿ ਕਰਹੁ ਲਿਵ ਲਾਇ ॥
ਹਰਿ ਨਾਮੈ ਕੇ ਹੋਵਹੁ ਜੋੜੀ, ਗੁਰਮੁਖਿ ਬੈਸਹੁ ਸਫਾ ਵਿਛਾਇ ॥੧॥
ਇਨ ਬਿਧਿ ਪਾਸਾ ਢਾਲਹੁ ਬੀਰ ॥
ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ ਅੰਤ ਕਾਲਿ ਨਹ ਲਾਗੈ ਪੀਰ ॥੧॥ਰਹਾਉ॥

(ਬਸੰਤੁ ਮ: ੫ ਘਰੁ ੨ ਹਿੰਡੋਲ–੧੧੮੫)

ਸਮੁਚੇ ਸੰਸਾਰ ਦਾ ਮੌਜੂਦਾ ਵਾਤਾਵਰਣ ਧਾਤਰ-ਬਾਜ਼ੀ ਦਾ ਹੈ। ਨਿਰਾ ਵਿਖਾਵਾ ਹੀ ਵਿਖਾਵਾ। ਅੱਜ ਸਿਆਸਤਦਾਨ ਦਾ ਮਤਲਬ ਇਹ ਲਿਆ ਜਾਂਦਾ ਹੈ, ਜੋ ਅੰਦਰੋਂ ਹੋਰ ਤੇ ਬਾਹਰੋਂ ਹੋਰ ਹੋਵੇ। ਸਿਖ ਸਿਆਸਤਦਾਨ ਭੀ ਇਸ ਕਿਸਮ ਦੀ ਵਿਆਖਿਆ ਤੋਂ ਬਾਹਰ ਨਹੀਂ। ਗੁਰਮਤੀ ਕਦਰਾਂ ਅਨੁਸਾਰ—

ਜਿਨ੍ ਮਨਿ ਹੋਰੁ, ਮੁਖਿ ਹੋਰੁ, ਸਿ ਕਾਂਢੇ ਕਚਿਆ ॥੧॥੧॥ (ਆਸਾ ਸੇਖ ਫਰੀਦ ਜੀ—੪੮੮)

ਲਿਵ ਦੇ ਰਾਹ ਤੇ ਅਜਿਹੇ ਬੰਦੇ ਕੱਚੇ ਅਖਵਾਉਂਦੇ ਹਨ। ਇਹ ਤਾਂ ਧਾਤੁ ਦੇ ਮਾਰਗ ਦੇ ਪਾਂਧੀ ਹੁੰਦੇ ਹਨ। ਇਸ ਲਈ ਮੌਜੂਦਾ ਪੰਥਕ ਏਕਤਾ ਦੇ ਜਤਨ ਉਤਨਾ ਚਿਰ ਤਕ ਸਫਲ ਨਹੀਂ ਹੋ ਸਕਦੇ ਜਿੰਨਾ ਚਿਰ ਇਸ ਮਿਲਵਰਤਣ ਦਾ ਆਧਾਰ ਰੂਹਾਨੀਅਤ ਨਹੀਂ ਬਣਦਾ।

ਨਵਾਬ ਕਪੂਰ ਸਿੰਘ ਲਿਵ ਦੇ ਮਾਰਗ ਦਾ ਪਾਂਧੀ ਸੀ। ਉਹ ਖਾਲਸਾ ਜੀ ਦੇ ਘੋੜਿਆਂ ਦਾ ਸੇਵਾਦਾਰ ਬਣਿਆ ਰਹਿਣ ਵਿਚ ਪ੍ਰਸੰਨ ਸੀ। ਇਸੇ ਕਾਰਨ ਉਸ ਨੇ ਨਵਾਬੀ ਲੈਣ ਤੋਂ ਇਨਕਾਰ ਕਰ ਦਿਤਾ ਸੀ। ਅਤੇ ਖਾਲਸੇ ਨੇ ਜਦ ਨਵਾਬੀ ਕਬੂਲਣ ਲਈ ਹੁਕਮ ਕੀਤਾ ਤਾਂ ਵੀ ਇਹੋ 'ਬੇਨਤੀ' ਕੀਤੀ ਕਿ ਮੈਥੋਂ ਨਵਾਬੀ ਦੇ ਨਾਲ ਘੋੜਿਆਂ ਦੀ ਸੇਵਾ ਨਾ ਖੋਹੀ ਜਾਏ। ਨਵਾਬ ਕਪੂਰ ਸਿੰਘ ਦੀ ਇਹ ਅਧੀਨਗੀ ਤੇ ਆਪਾ-ਤਿਆਗ ਲਿਵ ਦਾ ਮਾਰਗ ਸੀ। ਪਰ ਦੂਜੇ ਬੰਨੇ ਖਾਲਸਾ ਰਾਜ ਦੀ ਕਾਇਮੀ ਵੇਲੇ ਮਹਾਰਾਜਾ ਰਣਜੀਤ ਸਿੰਘ ਦਾ ਰਾਹ ਇਸ ਤੋਂ ਕੁਝ ਅਡਰਾ ਹੋ ਗਿਆ। ਇਹ ਲਿਵ ਦੇ ਮਾਰਗ ਤੋਂ ਭਟਕ ਗਿਆ। ਭਾਵੇਂ ਅਕਾਲੀ ਫੂਲਾ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਮਹਾਰਾਜੇ ਦੀ ਡਾਂਟ-ਫਾਂਟ ਕਰਦੇ ਰਹਿੰਦੇ ਸਨ, ਪਰ ਫਿਰ ਵੀ ਉਹ ਕੁਟਿਲ ਸਿਆਸਤ ਦਾ ਸ਼ਿਕਾਰ ਹੋ ਕੇ ਧਾਤ ਦੇ ਰਸਤੇ ਵਲ ਵਧਦਾ ਗਿਆ। ਮਹਾਰਾਜਾ ਸਿਖ-ਰਹਿਤ-ਰਹਿਣੀ ਅਤੇ ਗੁਰਸਿਖੀ ਮਾਣ-ਮਰਯਾਦਾ (Discipline) ਤੋਂ ਵੀ ਬੇਪਰਵਾਹ ਹੁੰਦਾ ਗਿਆ। ਡੋਗਰਿਆਂ ਤੇ ਮਿਸ਼ਰਾਂ ਆਦਿ ਰਾਜਨੀਤਕ ਬੰਦਿਆਂ ਦੇ ਜਾਲ ਵਿਚ ਐਸਾ ਫਸਿਆ ਕਿ ਲਿਵ ਦੇ ਮਾਰਗ ਤੋਂ ਥਿੜਕ ਕੇ ਪੂਰੀ ਤਰ੍ਹਾਂ ਧਾਤੁ ਦੇ ਰਾਹੇ ਪੈ ਗਿਆ। ਸਿੱਟਾ ਇਹ ਨਿਕਲਿਆ ਕਿ ਮਹਾਰਾਜੇ ਦੇ ਚਲਾਣੇ ਪਿਛੋਂ ਧਾਤ-ਰਾਹ ਦੇ ਪਾਂਧੀਆਂ ਵਿਚ ਐਸੀ ਪਾਟੋ-ਧਾੜ ਪਈ ਅਤੇ ਕਤਲੋ-ਗਾਰਤ ਹੋਈ ਕਿ ਖਾਲਸਾ ਰਾਜ ਹੀ ਨੇਸਤੋ-ਨਾਬੂਦ ਹੋ ਗਿਆ। ਇਹ ਸਭ ਕੁਝ ਲਿਵ ਦੇ ਰਾਹ ਤੋਂ ਭੁਲੇ ਹੋਣ ਦਾ ਨਤੀਜਾ ਸੀ।

ਅੱਜ ਵੀ ਸਾਡੀ ਦਸ਼ਾ ਇਹੋ ਹੈ ਕਿ ਅਸੀਂ ਲਿਵ ਦੇ ਰਾਹ ਤੋਂ ਭਟਕ ਕੇ ਧਾਤੁ ਦੇ ਰਾਹ ਤੇ ਪਏ ਹੋਏ ਇਕ ਦੂਜੇ ਦੀਆਂ ਪੱਗਾਂ ਉਛਾਲ ਰਹੇ ਹਾਂ। ਨਿਮਰਤਾ-ਗਰੀਬੀ ਤੇ ਆਪਾ-ਤਿਆਗ ਦੀ ਥਾਂ ਖ਼ੁਦਗਰਜ਼ੀਆਂ ਤੇ ਚੌਧਰਾਂ ਨੂੰ ਜਫੇ ਮਾਰੀ ਫਿਰਦੇ ਹਾਂ। ਇਸ ਆਪੋ-ਧਾਪੀ ਤੇ ਖਿਚਾ-ਖਿਚਾ ਵਿਚ ਸਾਰੀ ਕੌਮ ਦਾ ਸਤਿਆਨਾਸ ਕਰ ਰਹੇ ਹਾਂ। ਸਾਡੀਆਂ ਮਾੜੀਆਂ ਕਰਤੂਤਾਂ ਕਰਕੇ ਸਾਡੇ ਨੌਜਵਾਨ ਬੱਚੇ ਮੁਸੀਬਤਾਂ ਵਿਚ ਘਿਰੇ ਹੋਏ ਮਾਰੇ ਮਾਰੇ ਫਿਰ ਰਹੇ ਹਨ। ਗੁਰ-ਅਸਥਾਨਾਂ ਵਿਚ ਵੀ ਜਿਥੇ ਕਦੇ ਪ੍ਰੇਮ-ਪਿਆਰ ਤੇ ਸੁਖ-ਸ਼ਾਂਤੀ ਦੀਆਂ ਲਹਿਰਾਂ ਠਾਠਾਂ ਮਾਰਦੀਆਂ ਸਨ, ਅੱਜ ਉਥੇ ਅਸ਼ਾਂਤੀ ਵਰਤ ਰਹੀ ਹੈ, ਮਾਨ-ਮਰਯਾਦਾ ਭੰਗ ਹੋ ਰਹੀ ਹੈ ਅਤੇ ਕਈ ਵਾਰ ਬੇਅਦਬੀ ਹੋ ਰਹੀ ਹੈ। ਲਿਵ ਦੇ



www.AKJ.Org

ਰਾਹੇ ਪਿਆਂ ਹੀ ਸੁਖ-ਸ਼ਾਂਤੀ ਵਰਤ ਸਕਦੀ ਹੈ।

ਅੱਜ ਹਰ ਗੁਰਸਿੱਖ ਦੇ ਸਾਹਮਣੇ ਇਹੋ ਸਮੱਸਿਆ ਹੈ। ਸਾਨੂੰ ਸਾਰਿਆਂ ਨੂੰ ਆਪਣੇ ਅੰਦਰ ਝਾਤ ਮਾਰਨ ਦੀ ਲੋੜ ਹੈ ਕਿ ਅਸੀਂ ਲਿਵ-ਮਾਰਗ ਤੇ ਚਲ ਰਹੇ ਹਾਂ ਜਾਂ ਧਾਤੁ ਦੇ ਮਾਰਗ ਤੇ।

ਸਤਿਗੁਰਾਂ ਨੇ ਹਰ ਸਿਖ ਜਗਿਆਸੂ ਨੂੰ ਵਿਚਰਨ ਲਈ ਬੜਾ ਖੁਲ੍ਹਾ ਘੇਰਾ ਬਖਸ਼ਿਆ ਹੈ। ਸਾਡੀ ਖੁਸ਼-ਕਿਸਮਤੀ ਹੈ ਕਿ ਸਾਨੂੰ ਪਾਪ-ਪੁੰਨ ਦੇ ਫ਼ਜ਼ੂਲ ਝਮੇਲਿਆਂ ਤੋਂ ਕੱਢ ਕੇ ਇਕ ਨਵੀਂ ਸੇਧ ਦਿਤੀ ਹੈ ਅਤੇ ਲਿਵ-ਧਾਤ ਦਾ ਮਾਰਗ ਦਰਸਾਇਆ ਹੈ। ਇਉਂ ਸਾਡੇ ਹੱਥ ਇਕ ਘਸਵੱਟੀ ਜਾਂ ਕੰਪਾਸ ਦੇ ਦਿੱਤੀ ਹੈ ਕਿ ਜੇ ਕਿਤੇ ਰਸਤਾ ਭੁਲਣ ਦਾ ਤੇਖਲਾ ਹੋਵੇ ਤਾਂ ਇਸ ਕੰਪਾਸ ਨਾਲ ਆਪਣੇ ਚਲਣ ਨੂੰ ਠੀਕ ਸੇਧ ਦੇ ਦੇਣੀ :–

ਜਾਲਉ ਐਸੀ ਰੀਤਿ, ਜਿਤੁ ਮੈ ਪਿਆਰਾ ਵੀਸਰੈ॥
ਨਾਨਕ, ਸਾਈ ਭਲੀ ਪਰੀਤਿ, ਜਿਤੁ ਸਾਹਿਬ ਸੇਤੀ ਪਤਿ ਰਹੈ ॥੨॥੧੦॥

(ਵਡਹੰਸ ਕੀ ਵਾਰ, ਮ: ੧, ਪੰਨਾ ੫੯੦)

ਲਿਵ ਤੇ ਧਾਤੁ ਦੇ ਸੰਦਰਭ ਵਿਚ ਸਿਖ ਇਤਿਹਾਸ ਨੂੰ ਪੜਚੋਲਿਆਂ ਇਹ ਗੱਲ ਕਹਿਣੀ ਅਤਿਕਥਨੀ ਨਹੀਂ ਹੋਵੇਗੀ ਕਿ ਸਿਖ ਕੌਮ ਲਿਵ ਤੋਂ ਟੁੱਟ ਕੇ ਧਾਤੁ ਵਲ ਉਲਰਦੀ ਰਹੀ ਹੈ, ਜਿਸ ਕਰਕੇ ਪੰਥ ਦੇ ਸਾਜਣਹਾਰ ਸਤਿਗੁਰਾਂ ਨੇ ਇਸ ਨੂੰ ਧਾਤੁ ਦੇ ਰਾਹ ਤੋਂ ਸਦਾ ਮੋੜਨ ਦਾ ਜਤਨ ਕੀਤਾ ਹੈ।

ਅੰਗਰੇਜ਼ਾਂ ਨੇ (So called) ਕਥਿਤ ਖਾਲਸਾ ਰਾਜ ਨੂੰ ੧੮੫੦ ਵਿਚ ਜੜ੍ਹੋਂ ਪੁਟ ਦਿੱਤਾ ਸੀ ਤੇ ਸਿਖਾਂ ਦੀਆਂ ਨਿੱਤ ਦੀਆਂ ਗਤੀ-ਵਿਧੀਆਂ ਤੇ ਕਰੜੀ ਨਜ਼ਰ ਰੱਖੀ ਗਈ। ਨਿਰੰਕਾਰੀ ਲਹਿਰ, ਕੂਕਾ ਲਹਿਰ ਅਤੇ ਸਿੰਘ ਸਭਾ ਲਹਿਰ ਨੇਂ ਸਿਖ ਕੌਮ ਨੂੰ ਫਿਰ ਤੋਂ ਲਿਵ ਦੇ ਮਾਰਗ ਤੇ ਪਾਉਣ ਦਾ ਭਰਪੂਰ ਜਤਨ ਕੀਤਾ। ਪਰ ਗਾਂਧੀਵਾਦੀ ਸਿਆਸਤਦਾਨਾਂ ਨੇ ਖਾਲਸੇ ਨੂੰ ਮੁੜ ਕੇ ਆਪਣੇ ਧਾਤੁ ਦੇ ਰਾਹ ਤੇ ਐਸਾ ਪਾਇਆ ਕਿ ਕੌਮ ਅਜੇ ਤਕ ਸੰਭਲ ਨਹੀਂ ਸਕੀ। ਦੋ ਤਿੰਨ ਸੰਤ ਭੀ ਕੌਮ ਦੇ ਆਗੂ ਬਣੇ, ਪਰ ਉਹ ਵੀ ਕੌਮ ਨੂੰ ਲਿਵ ਵਲ ਨਹੀਂ ਮੋੜ ਸਕੇ। ਨਤੀਜਾ ਇਹ ਨਿਕਲਿਆ ਕਿ ਸਿਖ ਕੌਮ ਗੁਰੂ ਤੋਂ, ਗੁਰਮਤਿ ਤੋਂ ਹੌਲੀ ਹੌਲੀ ਦੂਰ ਹੁੰਦੀ ਜਾ ਰਹੀ ਹੈ।

ਸਿਖ ਕੌਮ ਦਿਨੋ-ਦਿਨ ਅਮੀਰ ਤੇ ਖੁਸ਼ਹਾਲ ਤਾਂ ਹੋਈ ਹੈ, ਪਰ ਮਾਨਸਿਕ ਅਤੇ ਆਤਮਕ ਤੌਰ ਤੇ ਅਸੰਤੁਸ਼ਟ। ਉਸ ਦਾ ਵੱਡਾ ਕਾਰਨ ਇਹੋ ਹੈ ਕਿ ਅਸੀਂ ਲਿਵ ਅਤੇ ਧਾਤੁ ਦਾ ਸਹੀ ਸੰਤੁਲਨ ਕਾਇਮ ਨਹੀਂ ਰਖ ਸਕੇ। ਮਾਰਕਸਵਾਦ ਵਲ ਅੱਜ ਦਾ ਨੌਜਵਾਨ ਕਿਉਂ ਜ਼ਿਆਦਾ ਖਿਚਿਆ ਜਾ ਰਿਹਾ ਹੈ? ਕਾਰਨ ਇਹੋ ਹੈ ਕਿ ਉਸ ਦੇ ਘਰ ਅੰਦਰ ਲਿਵ ਦੇ ਮਾਰਗ ਦੀਆਂ ਕਦਰਾਂ-ਕੀਮਤਾਂ ਦਾ ਮੁਲ ਘਟ ਗਿਆ ਹੈ। ਮਾਰਕਸਵਾਦ ਨਿਰੋਲ ਪਦਾਰਥਵਾਦੀ ਵਿਚਾਰਾਂ ਦੇ ਸੰਘਰਸ਼ ਚੋਂ ਉਪਜੀ ਦਵੈਤ ਭਾਂਵਨਾ ਹੈ। ਇਹਨਾਂ ਨੂੰ ਲਿਵ ਦੇ ਮਾਰਗ ਦੀ ਨਾ ਤਾਂ ਸੋਝੀ ਹੈ ਤੇ ਨਾ ਹੀ ਕਦਰ। ਕੇਵਲ ਲਿਵ ਦੇ ਮਾਰਗ ਦੀ ਲੋਅ ਵਿਚ ਹੀ ਧਾਤੁ ਦੇ ਮਾਰਗ ਦੀ ਕਚਿਆਈ ਅਤੇ ਅਸ-ਥਿਰਤਾ ਦਿਸ ਸਕਦੀ ਹੈ। ਜਿਨ੍ਹਾਂ ਨੇ ਅੱਜੇ ਧਾਤੁ ਦਾ ਹੀ ਮਾਰਗ ਦੇਖਿਆ ਹੈ, ਉਹਨਾਂ ਨੂੰ ਲਿਵ ਦੀ ਕੀ ਕਦਰ? ਸ੍ਰੀ ਗੁਰੂ ਅਮਰਦਾਸ ਜੀ ਨਿੱਤਨੇਮ ਦੀ ਬਾਣੀ 'ਅਨੰਦ ਸਾਹਿਬ' ਰਾਹੀਂ ਨਿੱਤ ਸਾਨੂੰ ਸਾਵਧਾਨ ਕਰਦੇ ਹਨ :—

ਲਿਵ ਛੁੜਕੀ, ਲਗੀ ਤ੍ਰਿਸਨਾ, ਮਾਇਆ ਅਮਰੁ ਵਰਤਾਇਆ॥
ਇਹ ਮਾਇਆ, ਜਿਤੁ ਹਰਿ ਵਿਸਰੈ, ਮੋਹੁ ਉਪਜੈ, ਭਾਉ ਦੂਜਾ ਲਾਇਆ॥
ਕਹੈ ਨਾਨਕ ਗੁਰਪਰਸਾਦੀ ਜਿਨਾ ਲਿਵ ਲਾਗੀ, ਤਿਨੀ ਵਿਚੇ ਮਾਇਆ ਪਾਇਆ॥

(ਰਾਮਕਲੀ ਮ: ੩ ਅਨੰਦੁ, ਪੰਨਾ ੯੨੧)

ਮੁਕਦੀ ਗੱਲ ਇਹ ਹੈ ਕਿ ਗੁਰੂ ਸਾਹਿਬਾਨ ਨੇ ਸਿੱਖ ਕੌਮ ਲਈ ਲਿਵ-ਧਾਤੁ ਦਾ ਮਿਲਵਾਂ ਰਾਹ ਇਸ ਲਈ ਤਜਵੀਜ਼ ਕੀਤਾ ਸੀ ਕਿ ਸਿੱਖ ਆਪਣਾ ਸਮੁਚਾ ਸਮਾਂ ਸਾਈਂ ਨਾਲ ਲਿਵ ਜੋੜੀ ਰਖੇ ਤੇ ਜੀਵਨ-ਨਿਰਬਾਹ ਲਈ ਲੋੜ ਅਨੁਸਾਰ ਕਿਰਤ ਵਿਰਤ ਕਰ ਕੇ ਥੋੜੇ ਵਿਚ ਹੀ ਸੰਤੋਖ ਕਰੇ। ਪਰ ਸਮੇਂ ਦੀ ਗਤੀ ਨੇ ਉਲਟ ਚੱਕਰ ਚਲਾਇਆ ਹੋਇਆ ਹੈ। ਅਸੀਂ ਜ਼ਿੰਦਗੀ ਦਾ ਬਹੁਤਾ ਸਮਾਂ ਧਨ ਕਮਾਉਣ ਤੇ ਹੰਢਾਵਣ ਵਿਚ ਖ਼ਰਚ ਕਰ ਰਹੇ



www.AKJ.Org

ਹਾਂ। ਸਾਡਾ ਗੁਰਮਤੀ ਜੀਵਨ ਦਿਖਾਵੇ ਮਾਤਰ ਹੀ ਰਹਿ ਗਿਆ ਹੈ। ਗੁਰਸਿਖੀ ਨੂੰ ਹਿਰਦਿਓਂ ਕਮਾਉਣ ਦੀ ਹੁੱਬ ਕਿਤੇ ਦੂਰ-ਦੁਰਾਡੇ ਚਲੀ ਗਈ ਹੈ।

ਸਿੱਖ ਕੌਮ ਦੀ ਅਰਦਾਸ ਵਿਚਲੇ "ਖਾਲਸਾ ਜੀ ਕੇ ਬੋਲ ਬਾਲੇ" ਓਦੋਂ ਹੀ ਕਬੂਲ ਪੈਣਗੇ ਜਦੋਂ ਅਸੀਂ ਲਿਵ ਅਤੇ ਧਾਤੁ ਦੇ ਰਾਹ ਦਾ ਸੰਤੁਲਨ ਕਾਇਮ ਰਖ ਸਕਾਂਗੇ। ਮਹਾਨ ਕੋਸ਼ ਅਨੁਸਾਰ ਬੋਲਬਾਲਾ ਦੇ ਅਰਥ ਹਨ— "ਸਭ ਦੇ ਉਪਰ ਵਚਨ, ਭਾਵ ਸਭ ਆਗਜਾ ਮੰਨਣ।" ਖ਼ਾਲਸੇ ਦੇ ਬੋਲਾਂ ਨੂੰ ਸਾਰੇ ਮੰਨਦੇ ਹੋਣ, ਕੋਈ ਨਾਂਹ ਨ ਕਰ ਸਕੇ। ਪਰ ਹੁਣ ਹਾਲਤ ਇਹ ਹੈ ਕਿ ਖਾਲਸੇ ਦੇ ਬੋਲਾਂ ਦਾ ਸੰਸਾਰ ਮਜ਼ਾਕ ਉਡਾ ਰਿਹਾ ਹੈ।

ਸੋਚਣਾ ਪਵੇਗਾ ਕਿ ਕੌਮ ਨੇ ਕਿਧਰ ਜਾਣਾ ਸੀ ਤੇ ਕਿਧਰ ਨੂੰ ਹੋ ਤੁਰੀ ਹੈ। ਖਾਲਸਾ ਪੰਥ ਆਪਣਾ ਸੰਤੁਲਨ ਖੋਹ ਬੈਠਾ ਹੈ। ਇਲਾਜ ਇਕੋ ਹੀ ਹੈ ਕਿ ਜੇ ਸਕੂਲ-ਕਾਲਜ ਸਾਡੇ ਬੱਚਿਆਂ ਨੂੰ ਲਿਵ ਦੀ, ਭਾਵ ਧਰਮ ਦੀ ਸਿਖਿਆ ਤੋਂ ਕੋਰੇ ਰਖਦੇ ਹਨ ਤਾਂ ਮੁਹੱਲੇ ਮੁਹੱਲੇ ਵਿਚ ਗੁਰਮਤਿ ਦਾ ਜ਼ੋਰਦਾਰ ਪਰਚਾਰ ਕੀਤਾ ਜਾਏ। ਮਾਤਾ ਪਿਤਾ ਆਪ ਗੁਰਮਤਿ ਮਾਰਗ ਦੇ ਪਾਂਧੀ ਬਣਨ ਅਤੇ ਬਚਿਆਂ ਨੂੰ ਗੁਰਮਤੀ ਕਦਰਾਂ ਦੀ ਸੇਧ ਦੇਣ ਦਾ ਜਤਨ ਕਰਨ। ਨਹੀਂ ਤਾਂ ਖਾਲਸੇ ਦੀ ਘਟ-ਗਿਣਤੀ ਭਾਰਤ ਦੀ ਬਹੁ-ਗਿਣਤੀ ਨੂੰ ਕਦੋਂ ਦੀ ਰੜਕਦੀ ਆ ਰਹੀ ਹੈ। ਹੁਣ ਤਕ ਜੋ ਸਾਡੇ ਨਾਲ ਬੀਤੀ ਹੈ ਅਤੇ ਬੀਤ ਰਹੀ ਹੈ, ਉਹ ਸਭ ਦੇ ਸਾਹਮਣੇ ਹੈ। ਅੱਜ ਭਾਰਤ ਦੀ ਅਧਰਮੀ-ਸਿਖਿਆ-ਪ੍ਰਣਾਲੀ ਰਾਹੀਂ ਸਮੁਚੀ ਭਾਰਤੀ ਕੌਮ ਨੂੰ ਅਧਰਮ ਵਲ ਘਸੀਟਿਆ ਜਾ ਰਿਹਾ ਹੈ। ਕੀ ਸਿੱਖ ਕੌਮ ਭੀ ਅਧਰਮੀ ਬਣਨਾ ਬਰਦਾਸ਼ਤ ਕਰੇਗੀ ? ਪਿਛਲੇ ਚਾਲੀ ਸਾਲਾਂ ਦਾ ਲੇਖਾ-ਜੋਖਾ ਤਾਂ ਇਹ ਦਸਦਾ ਹੈ ਕਿ ਕੌਮ ਵਿਚ ਦਿਨੋ-ਦਿਨ ਲਿਵ ਵਾਲੇ ਬੰਦੇ ਘਟਦੇ ਹੀ ਜਾਂਦੇ ਹਨ। ਲਿਵ ਦੇ ਰਾਹ ਤੇ ਤੁਰਦਾ ਨੌਜਵਾਨ ਤਾਂ ਘੱਟ ਹੀ ਕੋਈ ਦਿੱਸਦਾ ਹੈ। ਤੇ ਜਿਹੜੇ ਕੋਈ ਬਜ਼ੁਰਗ ਲਿਵ ਦੇ ਰਾਹ ਦੇ ਪੰਧਾਊ ਹਨ, ਉਹ ਵੀ ਹੌਲੀ ਹੌਲੀ ਤੁਰਦੇ ਜਾ ਰਹੇ ਹਨ।

ਅੱਜ ਲੋੜ ਕੌਮ ਨੂੰ ਸਹੀ ਸੇਧ ਦੇਣ ਦੀ ਹੈ। ਗੁਰਬਾਣੀ ਹੀ ਸਾਡੇ ਲਈ ਸਭ ਤੋਂ ਵਡੀ ਸੇਧ ਹੈ ਤੇ ਸਭ ਤੋਂ ਵੱਡਾ ਆਸਰਾ, ਜਿਥੇ ਅਸੀਂ ਆਪਣੀ ਬਿਰਥਾ ਕਹਿ ਸਕਦੇ ਹਾਂ, ਰੂਹਾਨੀ ਸ਼ਕਤੀ ਲਈ ਅਰਦਾਸ ਕਰ ਸਕਦੇ ਹਾਂ—

ਸਾ ਮਤਿ ਦੇਹੁ ਦਇਆਲ ਪ੍ਰਭ, ਜਿਤੁ ਤੁਮਹਿ ਅਰਾਧਾ ॥
ਨਾਨਕੁ ਮੰਗੈ ਦਾਨੁ ਪ੍ਰਭ, ਰੇਨ ਪਗ ਸਾਧਾ ॥੪॥੩॥੨੭॥ (ਧਨਾਸਰੀ ਮ: ੫–ਪੰਨਾ ੬੭੮)

## ਸਭ ਤਰ੍ਹਾਂ ਦੀ ਸੇਵਾ ਨਿਭਾਉਣ ਵਾਲੇ ਗੁਰਮੁਖਾਂ ਪ੍ਰਤੀ ਜੋਦੜੀ

(੧) ਸਮੂਹ ਗੁਰੂ ਕੇ ਲਾਲਾਂ, ਕੀਰਤਨ ਕਰਨਹਾਰੇ ਸਿੰਘਾਂ ਤੇ ਬੀਬੀਆਂ ਪ੍ਰਤੀ ਸਨਿਮਰ ਬੇਨਤੀ ਹੈ ਕਿ ਉਹ ਗੁਰਮੁਖੀ ਸਾਦਾ ਬਸਤਰਾਂ ਦੇ ਪਹਿਰਾਵੇ ਵਿਚ, ਕਿਰਪਾਨ ਉਪਰੋਂ ਦੀ ਸਜਾ ਕੇ ਕੀਰਤਨ ਦੀ ਸੇਵਾ ਨਿਭਾਉਣ। ਇਸ ਨਾਲ ਕੀਰਤਨ ਕਰਨ ਤੇ ਸੁਣਨਹਾਰੇ ਦੋਹਾਂ ਧਿਰਾਂ ਨੂੰ ਅਨੰਦ ਤੇ ਚੜ੍ਹਦੀ ਕਲਾ ਦਾ ਹੁਲਾਰਾ ਮਿਲਦਾ ਹੈ।

(੨) ਗੁਰਸਿਖ ਵੀਰ ਕੀਰਤਨ, ਦੇਗ, ਲੰਗਰ, ਅਰਦਾਸ, ਕਿਸੇ ਸੇਵਾ ਵਿਚ ਵੀ ਪੈਂਟ ਬੁਸ਼ਰਟ ਪਾਉਣ ਤੋਂ ਸੰਕੋਚ ਕਰਨ। ਬੇਅੰਤ ਖੁਲ੍ਹੇ ਪੌਂਚਿਆਂ ਵਾਲੇ ਪਜਾਮਿਆਂ ਨਾਲ ਵੀ ਸੇਵਾ ਸ਼ੋਭਾ ਨਹੀਂ ਪਾਂਦੀ।

(੩) ਗੁਰੂ ਕਾ ਲੰਗਰ ਸਜਾਣ ਤੇ ਵਰਤਾਣ ਦੀ ਸੇਵਾ ਪੰਜ-ਕਕਾਰੀ ਰਹਿਤ ਦੇ ਧਾਰਨੀ ਅੰਮ੍ਰਿਤਧਾਰੀ ਵਿਅਕਤੀ ਹੀ ਕਰਨ। ਇਸ ਗੱਲ ਵਿਚ ਢਿਲਿਆਈ ਬਿਲਕੁਲ ਨਹੀਂ ਵਰਤਣੀ ਚਾਹੀਦੀ।

(੪) ਕਮਰਕਸਾ ਥਕਾਵਟ ਨੂੰ ਦੂਰ ਕਰਦਾ ਅਤੇ ਗਾਤਰੇ-ਕਿਰਪਾਨ ਨੂੰ ਅਗੇ ਪਿਛੇ ਖਿਸਕਣ ਤੋਂ ਰੋਕਦਾ ਹੈ।

(੫) ਪੁਰਾਤਨ ਸਮੇਂ ਤੋਂ ਗੁਰ-ਮਰਯਾਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਸਜੇ ਗੁਰਸਿਖ, ਚੌਰ-ਬਰਦਾਰ ਅਰਦਾਸ ਅਤੇ ਕੀਰਤਨ ਦੀ ਸੇਵਾ ਕਰਨ ਵਾਲੇ ਪ੍ਰੇਮੀ ਗਲ ਵਿਚ ਹਜ਼ੂਰੀਆ ਰਖਦੇ ਹਨ। ਗੁਰ-ਮਰਯਾਦਾ ਕਾਇਮ ਰਖਣੀ ਸਿਖ ਦਾ ਫ਼ਰਜ਼ ਹੈ।

ਆਸ ਹੈ ਕਿ ਉਪਰੋਕਤ ਮਰਯਾਦਾ ਤੇ ਚਲ ਕੇ ਅਸੀਂ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਾਂਗੇ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ-ਕੀਰਤਨੀ ਜਥਾ ਕੇਂਦਰੀ ਦਫਤਰ



www.AKJ.Org

# ਸਿੱਖ, ਸਿੰਘ, ਸ਼ਹੀਦ, ਸਰਦਾਰ

[ਪ੍ਰਿੰਸੀਪਲ ਨਾਹਰ ਸਿੰਘ ਗਰੇਵਾਲ, ਲੁਧਿਆਣਾ]

ਮੱਘਰ ਸੁਦੀ ੫, ਸੰਮਤ ੧੭੩੨ ਮੁਤਾਬਿਕ ੧੧ ਨਵੰਬਰ ਸੰਨ ੧੬੭੫ ਵਿਚ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀ ਲਾਸਾਨੀ ਤੇ ਬਚਿੱਤਰ ਸ਼ਹੀਦੀ ਉਪਰੰਤ ਦਸਮੇਸ਼ ਜੀ "ਬਚਿੱਤ੍ਰ ਨਾਟਕ" ਵਿਚ ਫੁਰਮਾਉਂਦੇ ਹਨ :–

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥ ਕੀਨੋ ਬਡੋ ਕਲੂ ਮਹਿ ਸਾਕਾ ॥
ਸਾਧਨ ਹੇਤਿ ਇਤੀ ਜਿਨਿ ਕਰੀ ॥ ਸੀਸੁ ਦੀਆ ਪਰ ਸੀ ਨ ਉਚਰੀ ॥੧੩॥
ਧਰਮ ਹੇਤ ਸਾਕਾ ਜਿਨਿ ਕੀਆ ॥ ਸੀਸੁ ਦੀਆ ਪਰ ਸਿਰਰੁ ਨ ਦੀਆ ॥੧੪॥ (ਧਿਆਇ ੫)

ਦਸਮੇਸ਼ ਜੀ ਦੇ ਹਜ਼ੂਰੀ ਦਰਬਾਰੀ ਕਵੀ, ਸ੍ਰੀ ਸੈਨਾਪਤੀ ਜੀ ਇਉਂ ਲਿਖਦੇ ਹਨ :–

ਪਰਗਟ ਭਏ ਗੁਰੂ ਤੇਗ ਬਹਾਦੁਰ। ਸਗਲ ਸ੍ਰਿਸ਼ਟ ਪੈ ਢਾਪੀ ਚਾਦਰ।
ਕਰਮ ਧਰਮ ਕੀ ਜਿਨ ਪਤਿ ਰਾਖੀ। ਅਟਲ ਕਰੀ ਕਲਜੁਗ ਮੈ ਸਾਖੀ।
ਸਗਲ ਸ੍ਰਿਸ਼ਟਿ ਜਾ ਕਾ ਜਸ ਭਯੋ। ਜਿਹ ਤੇ ਸਰਬ ਧਰਮ ਬਚਯੋ।
ਤੀਨ ਲੋਕ ਮੈ ਜੈ ਜੈ ਭਈ। ਸਤਿਗੁਰਿ ਪੈਜ ਰਾਖਿ ਇਮ ਲਈ।

੨. ਸਤਿਗੁਰੂ ਤੇਗ ਬਹਾਦਰ ਜੀ ਦੇ ਸਾਹਮਣੇ ਉਹਨਾਂ ਦੇ ਸਿੱਖ ਸ਼ਹੀਦ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ, ਉਸੇ ਕਤਾਰ ਵਿਚ ਆ ਖਲੋਤੇ। ਸਿੱਖ, ਸਿੰਘ ਦੇ ਰੂਪ ਵਿਚ ਸ਼ਹੀਦ ਬਣ ਗਏ। ਸ਼ਹੀਦੀ, ਸਿੱਖ ਮਰਯਾਦਾ ਤੇ ਸਿੱਖੀ ਜੀਵਨ ਦਾ ਮੁੱਖ ਅੰਗ ਬਣ ਗਈ। ਸਤਿਗੁਰੂ ਦਸਮੇਸ਼ ਜੀ ਦੀਆਂ ਚਾਰ ਪੀੜ੍ਹੀਆਂ ਸ਼ਹੀਦ ਹੋਈਆਂ। ਸਿੱਖ ਅਮਰ ਹੋ ਗਿਆ ਅਤੇ ਸਿੰਘ ਤੇ ਸ਼ਹੀਦ ਅਖਵਾਉਣ ਲੱਗਾ। ਪਹਿਲੀ ਤੇ ਪੰਜਵੀਂ ਪਾਤਸ਼ਾਹੀਆਂ ਦੇ ਕੌਲ-ਕਰਾਰਾਂ ਨੂੰ ਸੱਚ ਕਰ ਦਿਖਾਇਆ—ਕਰਨੀ ਦਾ ਰੂਪ ਦੇ ਕੇ ਸਾਕਾਰ ਕੀਤਾ :–

(ੳ) ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ, ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥ (ਸਲੋਕ ਮ: ੧–੧੪੧੨)

(ਅ) ਪਹਿਲਾ ਮਰਣੁ ਕਬੂਲਿ, ਜੀਵਣ ਕੀ ਛਡਿ ਆਸਿ ॥
ਹੋਹੁ ਸਭਨਾ ਕੀ ਰੇਣੁਕਾ, ਤਉ ਆਉ ਹਮਾਰੈ ਪਾਸਿ ॥੧॥੨੩॥(ਸਲੋਕ ਮ: ੫ ਡਖਣੇ–੧੧੦੨

੩. ਦਸਮੇਸ਼ ਜੀ ਨੇ ਅੰਤ, ਖਾਲਸੇ ਦੀ ਸਿਰਜਣਾ ਕੀਤੀ। ਤਲਵਾਰ ਦੀ ਧਾਰ ਵਿਚੋਂ ਕੀਤੀ। ਸਿੱਖਾਂ ਦੇ ਸੀਸਾਂ ਦੀ ਬਲੀ, ਆਹੂਤੀ ਵਿਚੋਂ ਅੰਮ੍ਰਿਤ ਦੀ ਬੇਅੰਤ ਕਲਾ ਦਾ ਪ੍ਰਕਾਸ਼ ਹੋਇਆ। ਗਿੱਦੜਾਂ ਨੂੰ ਸ਼ੇਰ, ਚਿੱੜੀਆਂ ਨੂੰ ਬਾਜ਼ ਬਣਾਇਆ।

(ੳ) ਜਿਨ ਕੀ ਜਾਤਿ ਔਰ ਕੁਲ ਮਾਹੀਂ। ਸਰਦਾਰੀ ਨਹਿ ਭਈ ਕਦਾਹੀਂ।
ਕੀਟਨ ਤੇ ਇਨ ਕੋ ਮ੍ਰਿਗਿੰਦੂ। ਕਰੋਂ ਹਰਨ ਹਿਤ ਤੁਰਕ ਗਜਿੰਦੂ।
(ਪੰਥ ਪ੍ਰਕਾਸ਼, ਗਿ: ਗਿਆਨ ਸਿੰਘ)

(ਅ) ਇਨ ਹੀ ਕੋ ਸਰਦਾਰ ਬਨਾਊਂ। ਤਬੈ ਗੋਬਿੰਦ ਸਿੰਘ ਨਾਮ ਕਹਾਊਂ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਥਨ ਨੂੰ ਰੂਪਮਾਨ ਕੀਤਾ। ਸਿੰਘਾਂ ਨੇ ਵੀ ਸਤਿਗੁਰੂ ਨਾਨਕ ਦੇਵ ਜੀ ਦੇ ਬਚਨਾਂ ਨੂੰ ਸੁਣਿਆ, ਮੰਨਿਆ, ਸਮਝਿਆ, ਵਿਚਾਰਿਆ, ਕਮਾਇਆ ਅਤੇ ਅਨੰਦ ਮਾਣਿਆ।

ਸਚੇ ਕੀ ਸਿਰਕਾਰ ਜੁਗੁ ਜੁਗੁ ਜਾਣੀਐ ॥ ਹੁਕਮੁ ਮੰਨੇ ਸਿਰਦਾਰੁ, ਦਰਿ ਦੀਬਾਣੀਐ ॥੧੦॥
(ਵਾਰ ਮਾਝ, ਪੰਨਾ ੧੪੨)

ਪੀਓ ਪਾਹੁਲ ਖੰਡੇਧਾਰ ਹੋਇ ਜਨਮ ਸੁਹੇਲਾ ॥
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥੧॥ (ਵਾਰ ੪੧, ਭਾਈ ਗੁਰਦਾਸ ਦੂਜਾ)



www.AKJ.Org

ਜਿਨ੍ਹਾਂ ਨੂੰ ਅੰਮ੍ਰਿਤ ਦੀ ਗੁੜ੍ਹਤੀ ਮਿਲ ਗਈ, ਜਨਮ ਬਦਲ ਗਿਆ, ਅਮਰਾਪਦ ਨੂੰ ਪ੍ਰਾਪਤ ਹੋਏ, ਜਨਮ ਸਫਲਾ ਹੋ ਗਿਆ। ਸਤਿਗੁਰੂ ਸਿੰਘਾਂ ਦੇ ਸਮੂਹ ਵਿਚ ਸਮੋ ਗਏ, ਇਕ ਹੋ ਗਏ।

ਖਾਲਸਾ ਮੇਰੋ ਰੂਪ ਹੈ ਖਾਸ ॥ ਖਾਲਸੇ ਮਹਿ ਹੌ ਕਰੌ ਨਿਵਾਸ ॥
ਖਾਲਸਾ ਮੇਰੋ ਪਿੰਡ ਪਰਾਨ ॥ ਖਾਲਸਾ ਮੇਰੀ ਜਾਨ ਕੀ ਜਾਨ ॥
ਖਾਲਸਾ ਮੇਰੋ ਸਤਿਗੁਰ ਪੂਰਾ ॥ ਖਾਲਸਾ ਮੇਰੋ ਸਜਨ ਸੂਰਾ ॥

ਅੰਮ੍ਰਿਤ ਛਕਿਆ, ਮੌਤ ਦਾ ਭੈ ਉਡ ਪੁਡ ਗਿਆ। ਅਮਰ ਹੋ ਗਏ। ਸ਼ਹੀਦੀ ਪਰੰਪਰਾ ਪਰਪੱਕ ਹੋਈ। ਸਿੰਘ ਅਕਾਲ ਪੁਰਖ ਕੀ ਫੌਜ ਬਣ ਗਏ। ਖਾਲਸਾਂ ਬਣ ਗਏ। ਸਿਧੇ ਅਕਾਲ ਪੁਰਖ ਦੇ ਸਚੇ ਸੁਚੇ ਸਪੂਤ ਬਣ ਗਏ। ਸਤਿਗੁਰੂ ਨੇ ਸਿੰਘਾਂ ਦਾ ਹੱਕ ਮੰਨਿਆ। ਜਦੋਂ ਸਤਿਗੁਰਾਂ ਆਖਿਆ :–

ਚਾਰ ਮੂਏ ਤੋ ਕਿਆ ਹੂਆ, ਜਬ ਜੀਵਤ ਕਈ ਹਜ਼ਾਰ।
ਇਨ ਪੁਤਰਨ ਕੇ ਸੀਸ ਪਿਹ ਵਾਰ ਦੀਏ ਸੁਤ ਚਾਰ।

ਸਿੰਘਾਂ ਨੇ ਕਿਹਾ–ਸਿਖਨ ਕਾਜ ਸੁ ਗੁਰੂ ਹਮਾਰੇ। ਸੀਸ ਦੀਉ ਨਿਜ ਸਣ ਪਰਵਾਰੇ।
ਹਮ ਕਾਰਨਿ ਗੁਰੁ ਕੁਲਹਿ ਗਵਾਈ। ਹਮ ਕੁਲ ਰਾਖਹਿ, ਕਉਣ ਬਡਾਈ।

(ਪ੍ਰਾਚੀਨ ਪੰਥ ਪ੍ਰਕਾਸ਼, ਰਤਨ ਸਿੰਘ)

੫. ਉਪਰੰਤ ਅਠਾਰ੍ਹਵੀਂ ਸਦੀ ਦੇ ਜਾਬਰ, ਜ਼ਾਲਮ, ਹੁਕਮਰਾਨਾਂ ਨੇ ਗਾਜਰ ਮੂਲੀ ਦੀ ਤਰ੍ਹਾਂ ਕਤਲਾਮ ਕੀਤੇ, ਪਰ– ਮੰਨੂ ਸਾਡੀ ਦਾਤਰੀ, ਅਸੀਂ ਮੰਨੂੰ ਦੇ ਸੋਏ।
ਜਿਉਂ ਜਿਉਂ ਮੰਨੂੰ ਵਢਦਾ, ਅਸੀਂ ਦੂਣ ਸਵਾਏ ਹੋਏ।

ਇਹਨਾਂ ਮਰਜੀਵੜਿਆਂ ਦੀ ਗਿਣਤੀ ਅੰਕਾਂ ਵਿਚ ਨਹੀਂ ਕੀਤੀ ਜਾਂਦੀ, ਕਰਨੀਆਂ, ਕਮਾਈਆਂ, ਵੇਗਾਂ, ਸਾਹਸਾਂ, ਸੇਵਾਵਾਂ, ਪਰਉਪਕਾਰਾਂ, ਕੁਰਬਾਨੀਆਂ ਅਤੇ ਸ਼ਹੀਦੀਆਂ ਵਿਚ ਕੀਤੀ ਜਾਂਦੀ ਹੈ। ਜਾਬਰ ਵੀ ਇਹਨਾਂ ਦੀਆਂ ਬਹਾਦਰੀਆਂ, ਕਾਰਨਾਮਿਆਂ ਅਤੇ ਸੱਚੇ ਆਚਾਰਾਂ ਦੀ ਪਰਸੰਸਾ ਕੀਤੇ ਬਿਨਾਂ ਨਾ ਰਹਿ ਸਕੇ, ਤਦੇ ਤਾਂ ਇਹ 'ਸ਼ਿੱਖ ਸਰਦਾਰ' ਅਖਵਾਏ। ਸਿਖ 'ਸਰਦਾਰ' ਦਾ ਸਮਰਥਕ ਬਣ ਗਿਆ। ਸਿੱਖੀ ਨੇ ਸ਼ਹੀਦੀ ਦਾ ਰੂਪ ਧਾਰ ਲਿਆ। ਸਿਰ ਵਾਰਿਆ, ਸਰਦਾਰ ਬਣੇ।

## ਸਮੂਹ ਗੁਰਮੁਖ ਗੁਰਸਿਖਾਂ ਪ੍ਰਤੀ ਬੇਨਤੀ

ਗੁਰਮੁਖ ਗੁਰਸਿਖਾਂ ਦਾ ਮੁਖ ਫ਼ਰਜ਼ ਹੈ ਕਿ ਗੁਰੂ ਕੀ ਬਾਣੀ—ਸਤਿਗੁਰੂ ਸੱਚੇ ਪਾਤਸ਼ਾਹ ਜੀ ਦਾ ਪੂਰਨ ਸਤਿਕਾਰ ਕੀਤਾ ਜਾਏ। ਇਸ ਸੰਬੰਧ ਵਿਚ ਬਿਨੈ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਵਿਆਹ-ਸ਼ਾਦੀਆਂ ਤੇ ਹੋਰ ਸਮਾਗਮਾਂ ਸਮੇਂ ਕੈਮਰਾ-ਫ਼ੋਟੋਆਂ ਅਤੇ ਵੀਡੀਓ ਫ਼ਿਲਮਾਂ ਬਣਾਉਣੀਆਂ ਬੇਰਸੀ ਦਾ ਕਾਰਨ ਹਨ, ਇਸ ਸਮੇਂ ਸੰਗਤਾਂ ਦੀ ਸੁਰਤੀ ਬਿਰਤੀ ਗੁਰਬਾਣੀ ਤੇ ਕੀਰਤਨ ਤੋਂ ਟੁਟ ਕੇ ਫ਼ੋਟੋ-ਕੈਮਰਿਆਂ ਤੇ ਵੀਡੀਓ ਫ਼ਿਲਮਾਂ ਵਲ ਖਿਚੀ ਜਾਂਦੀ ਹੈ। ਤਾਂ ਤੇ ਇਹ ਬੇਅਦਬੀ ਕਰਨ ਤੋਂ ਸੰਕੋਚ ਕਰਨਾ ਚਾਹੀਦਾ ਹੈ। ਸਤਿਗੁਰੂ ਜੀ ਦੀ ਹਜ਼ੂਰੀ ਵਿਚ ਅਜਿਹਾ ਕਰਨ ਨਾਲ ਸਤਿਗੁਰੂ ਪਾਤਸ਼ਾਹ ਜੀ ਦੀ ਖੁਸ਼ੀ ਨਹੀਂ ਪ੍ਰਾਪਤ ਹੋ ਸਕਦੀ। ਮਹਾਰਾਜ ਦਾ ਸੁਖਾਸਨ ਹੋਣ ਪਿਛੋਂ ਮਨ-ਮਾਨੀਆਂ ਕੀਤੀਆਂ ਜਾ ਸਕਦੀਆਂ ਹਨ।

## ਤਪੋਬਨ ਗੁਰਦੁਆਰਾ ਕੁਮਾਰਹੱਟੀ ਦੀ ਜਾਇਦਾਦ

ਭਾਈ ਸਾਹਿਬ ਬਲਬੀਰ ਸਿੰਘ ਜੀ ਸੂਚਨਾ ਦੇਂਦੇ ਹਨ ਕਿ ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਤਪ-ਅਸਥਾਨ ਗੁਰਦੁਆਰਾ ਕੁਮਾਰਹੱਟੀ ਦੀ ਕੁਲ ਜਾਇਦਾਦ ਗੁਰਦੁਆਰਾ ਸਾਹਿਬ ਦੇ ਨਾਮ ਹੈ, ਹੋਰ ਕਿਸੇ ਵਿਅਕਤੀ ਦੇ ਨਾਮ ਨਹੀਂ ਹੈ ਅਤੇ ਨਾ ਹੀ ਹੋ ਸਕਦੀ ਹੈ। ਤਸਦੀਕ ਕਰਨ ਲਈ ਕੁਮਾਰਹੱਟੀ ਦੇ ਪਟਵਾਰੀ ਤੋਂ ਜਮਾਬੰਦੀ ਦੀ ਨਕਲ ਆਦਿ ਲੈ ਕੇ ਵੇਖੀ ਜਾ ਸਕਦੀ ਹੈ।



www.AKJ.Org

# ਖਾਲਸੇ ਦਾ ਆਦਰਸ਼

ਹਰੇਕ ਅੰਮ੍ਰਿਤਧਾਰੀ ਗੁਰਸਿੱਖ ਦਾ ਉਹੀ ਆਦਰਸ਼ ਹੈ, ਜਿਸ ਆਦਰਸ਼ ਲਈ ਸਤਿਗੁਰੂ ਜੀ ਪੂਰਨੇ ਪਾ ਗਏ ਹਨ। ਦਸਮੇਸ਼ ਜੀ ਨੇ ਆਪਣਾ ਆਦਰਸ਼ ਇਉਂ ਬਿਆਨ ਕੀਤਾ ਹੈ—

ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸਟ ਦੋਖੀਅਨ ਪਕਰਿ ਪਛਾਰੋ ॥੪੨॥
ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥੪੩॥

ਬਚਿਤ੍ਰ ਨਾਟਕ, ਅਧਿਆਇ ੬

ਜਿਥੇ ਧਰਮ ਦੀ ਰੱਖਿਆ ਕਰਨੀ ਸਿੱਖ ਦਾ ਮੁਖ ਫ਼ਰਜ਼ ਹੈ ਉਥੇ ਦੀਨ-ਦੁਖੀਆਂ ਅਤੇ ਅਨਾਥਾਂ ਦੀ ਰੱਖਿਆ ਕਰਨੀ ਭੀ ਸਿੱਖੀ ਜੀਵਨ ਦਾ ਮੁਖ ਆਦਰਸ਼ ਹੈ। ਸਿਖ ਇਤਿਹਾਸ ਵਿਚ ਅਜਿਹੀਆਂ ਕਈ ਘਟਨਾਵਾਂ ਮਿਲਦੀਆਂ ਹਨ ਜਿਨ੍ਹਾਂ ਵਿਚ ਅਨਾਥ ਹਿੰਦੂ ਦੇਵੀਆਂ ਦੀ ਪੱਤ ਆਬਰੂ ਬਚਾਣ ਲਈ ਸਿੰਘ ਸੂਰਮਿਆਂ ਨੇ ਆਪਣੀਆਂ ਜਾਨਾਂ ਤਲੀ ਤੇ ਰਖ ਕੇ ਜ਼ਾਲਮਾਂ ਹਤਿਆਰਿਆਂ ਨਾਲ ਜੁਧ ਕੀਤੇ ਅਤੇ ਮੁਸੀਬਤ-ਫਸੀਆਂ ਅਬਲਾਵਾਂ ਨੂੰ ਛੁਡਾ ਕੇ ਘਰੋ ਘਰੀ ਪਹੁੰਚਾਇਆ। ਸਿਖ ਇਤਿਹਾਸ ਵਿਚ ਅਜਿਹੀ ਘਟਨਾ ਵੀ ਮਿਲਦੀ ਹੈ ਜਿਥੇ ਸਿੰਘ ਜੋਧਿਆਂ ਨੇ ਮੁਸਲਮਾਨ ਤੀਵੀਂ ਦੀ ਪੱਤ ਆਬਰੂ ਬਚਾਣ ਲਈ ਦੁਸ਼ਟਾਂ ਨਾਲ ਲੋਹਾ ਲੈ ਕੇ ਉਸ ਨੂੰ ਛੁਡਾ ਕੇ ਉਸ ਦੇ ਖ਼ਾਵੰਦ ਦੇ ਹਵਾਲੇ ਕੀਤਾ। ਖ਼ਾਲਸੇ ਦਾ ਆਦਰਸ਼ ਪਰਉਪਕਾਰ ਦੀ ਖ਼ਾਤਰ ਜੂਝਣਾ ਹੈ। ਪਰਉਪਕਾਰ ਖ਼ਾਤਰ ਬੀਰ-ਰਸੀ ਖਾਲਸਾ ਜੀ ਦੇ ਕਰਤੱਵ ਬਾਰੇ ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਦੇ ਹਨ—

"ਪਰਉਪਕਾਰ ਨਮਿਤ ਬੀਰ ਰਸ ਦੇ ਅੰਤਰ-ਆਤਮੇ ਹੋਣ ਤੋਂ ਭਾਵ ਇਹ ਹੈ ਕਿ ਸਾਹਮਣੇ ਦੀਨਾਂ ਦੁਖੀਆਂ ਪਰ ਜਬਰ ਹੋ ਰਿਹਾ ਹੋਵੇ, ਧਰਮ ਦੀ ਹਾਨੀ ਹੁੰਦੀ ਹੋਵੇ, ਅਨਿਆਉਂ ਅਤਿਆਚਾਰ ਹੋ ਰਿਹਾ ਹੋਵੇ, ਓਥੇ ਜਿਸ ਦੇ ਰਿਦੰਤਰ ਦੀਨ-ਰੱਖਿਆ ਤੇ ਧਰਮ-ਰੱਖਿਆ ਦੇ ਅਗੰਮੀ ਵਲਵਲੇ ਉਠਣ, ਪਰ ਵੈਰ ਵਿਰੋਧ ਤੇ ਕਰੋਧ ਅਹੰਕਾਰ ਦੀ ਅੰਸ ਮਾਤ੍ਰ ਭੀ ਇਨ੍ਹਾਂ ਵਲਵਲਿਆਂ ਵਿਚ ਨਾ ਹੋਵੇ, ਤੇ ਇਹ ਵਲਵਲੇ ਤਨ ਮਨ, ਧਨ ਅਤੇ ਸਰਬੰਸ ਵਾਰ ਦੇਣ ਦਾ ਅਮਲੀ ਜਾਮਾ ਪਹਿਨਾਉਣ ਦੀ ਤਾਰ ਬਰਕੀ ਕਲਾ ਵਰਤਾ ਦੇਣ ਤਾਂ ਜਾਣੀਐ ਕਿ ਬੀਰ ਰਸ ਵਾਲਾ ਪਰਉਪਕਾਰੀ ਜੀਵਨ ਉਤਪੰਨ ਹੋ ਗਿਆ ਹੈ। ਜਿਉਂ ਜਿਉਂ ਏਸ ਬੀਰ ਰਸ ਦੀ ਤਾਰ-ਕਲਾ ਅੰਦਰ ਫਿਰਦੀ ਹੈ ਤਿਉਂ ਤਿਉਂ ਨਾਮ ਦਾ ਖੰਡਾ ਦੂਣ ਸਵਾਇਆ ਖੜਕਦਾ ਹੈ। ਅੰਦਰ ਇਹ ਨਾਮ ਦਾ ਖੰਡਾ ਖੜਕਦਾ ਹੋਵੇ ਅਤੇ ਬਾਹਰ ਨਿਜ ਭੁਜ-ਬਲ ਤੋਂ ਦੁਸ਼ਟਾਂ ਸ਼ਤਰੂਆਂ ਨੂੰ ਦਮਨ ਕਰਨਹਾਰਾ ਸਰਬ ਲੋਹ ਦਾ ਖੜਗ ਖੰਡਾ ਖੜਕਦਾ ਹੋਵੇ ਤੇ ਅੰਦਰਲੀ ਤਾਰ ਨਿਮਖ ਮਾਤ੍ਰ ਵੀ ਨਾ ਟੁਟੇ, ਇਹ ਬੀਰ ਰਸ ਮਾਤੇ ਪਰਉਪਕਾਰੀ ਜੋਧੇ ਦੇ ਵਾਸਤਵੀ ਲੱਛਣ ਹਨ।" [ਗੁਰਮਤਿ ਵਿਚਾਰ, ਪੰਨਾ ੧੪

ਬੀਰ-ਰਸੀ ਪਰਉਪਕਾਰੀ ਖਾਲਸਾ ਜੀ ਦੇ ਲੱਛਣ ਇਹ ਹਨ ਕਿ ਦੀਨਾਂ ਦੁਖੀਆਂ ਤੇ ਜਬਰ ਹੁੰਦਾ ਉਹ ਨਹੀਂ ਦੇਖ ਸਕਦਾ, ਉਹ ਧਰਮ ਦੀ ਹਾਨੀ ਹੁੰਦੀ ਬਰਦਾਸ਼ਤ ਨਹੀਂ ਕਰ ਸਕਦਾ। ਅਨਿਆਉਂ ਤੇ ਅਤਿਆਚਾਰ ਹੁੰਦਾ ਵੇਖ ਕੇ ਉਹ ਤੜਫ ਉਠਦਾ ਹੈ। ਉਹ ਸੁਆਸ ਸੁਆਸ ਨਾਮ ਜਪਦਾ ਹੋਇਆ, ਵੈਰ ਵਿਰੋਧ ਜਾਂ ਕਰੋਧ ਅਹੰਕਾਰ ਅਧੀਨ ਹੋ ਕੇ, ਸਰਬ ਲੋਹੀ ਖੜਕ ਖੰਡਾ ਨਹੀਂ ਫੜਦਾ ਸਗੋਂ ਪਰਉਪਕਾਰ ਹਿਤ ਦੁਸ਼ਟਾਂ ਦੋਖੀਆਂ ਨੂੰ ਨਾਸ਼ ਕਰਨ ਹਿਤ ਦੀਨਾਂ ਦੁਖੀਆਂ ਦੀ ਸਹਾਇਤਾ ਕਰਦਾ ਹੋਇਆ ਉਹ ਆਪਣਾ ਤਨ, ਮਨ, ਧਨ ਅਤੇ ਸਰਬੰਸ ਤਕ ਵਾਰ ਦੇਣ ਤੋਂ ਸੰਕੋਚ ਨਹੀਂ ਕਰਦਾ।

ਦੀਨਾਂ ਦੁਖੀਆਂ ਨੂੰ ਬਚਾਉਣ ਖ਼ਾਤਰ ਆਪਾ ਵਾਰ ਦੇਣ ਵਾਲਾ ਖਾਲਸਾ ਕਿਵੇਂ ਬੇਦੋਸ਼ਿਆਂ ਮਾਸੂਮਾਂ ਦਾ ਕਾਤਲ ਹੋ ਸਕਦਾ ਹੈ? ਔਰਤਾਂ ਤੇ ਬੱਚਿਆਂ ਤਕ ਨੂੰ ਬੇ-ਰਹਿਮੀ ਨਾਲ ਕਿਵੇਂ ਕਤਲ ਕਰ ਸਕਦਾ ਹੈ? ਰਾਹ



www.AKJ.Org

# ਕਲਗੀਧਰ ਜੀ ਲਖੀ ਜੰਗਲ ਵਿਚ

[ਵਲੋਂ—ਗਿ: ਗੋਪਾਲ ਸਿੰਘ ਜੀ 'ਮਿੱਤਰ' 340/4 ਰਾਮਨਗਰ, ਗੁੜਗਾਉਂ]

ਧੁੰਮਾਂ ਪੈ ਗਈਆਂ ਸਾਰੇ ਮਾਲਵੇ ਵਿਚ, ਭਾਗ ਧਰਤੀ ਨੂੰ ਲਾਣ ਦਾਤਾਰ ਆਏ।
ਸਿੱਖੀ ਬਾਗ ਦੀ ਕਰਨ ਸੰਭਾਲ ਦੇ ਲਈ, ਸੁਣਿਐ ਨੀਲੇ ਦੇ ਸ਼ਾਹ-ਸਵਾਰ ਆਏ।
ਵਾਹੋ ਦਾਹੀ ਭਜੀਆਂ ਸੰਗਤਾਂ ਦਰਸ਼ਨਾਂ ਲਈ, ਚਰਨ ਪਰਸਣੇ ਲਈ ਨਰ ਨਾਰ ਆਏ।
ਅਰਪਨ ਕਰਨ ਭੇਟਾਵਾਂ ਤੇ ਲੈਣ ਖੁਸ਼ੀਆਂ, ਪੰਥ ਵਾਲੀ ਦਾ ਕਰਨ ਦੀਦਾਰ ਆਏ।
'ਲਖੀ ਜੰਗਲ' ਵਿਚ ਭਰਿਆ ਭਰਪੂਰ ਮੇਲਾ ਸਾਗਰ ਸਿਰਾਂ ਦਾ ਠਾਠਾਂ ਪਿਆ ਮਾਰਦਾ ਸੀ।
ਮਾਝਾ ਮਾਲਵਾ ਆਣ ਕੇ ਹੋਇਆ 'ਕੱਠਾ, ਜੁੜਿਆ ਪੰਥ ਸਾਰਾ ਕਲਗੀਧਰ ਦਾ ਸੀ।
ਸਾਹਿਤਕਾਰਾਂ ਦੀ ਮਹਿਫ਼ਲ ਵੀ ਜੁੜੀ ਆ ਕੇ, ਲੈ ਕੇ ਵਲਵਲੇ ਕਵੀ ਮਹਾਨ ਆਏ।
'ਆਨੰਦਪੁਰੀ' ਦੇ ਵਾਂਗ ਆਨੰਦ ਬਣਿਆ, ਚੰਨ ਤਾਰੇ ਵੀ ਸੀਸ ਝੁਕਾਣ ਆਏ।
ਪਹਿਲੀ ਸੱਦ ਲਾਈ ਮਹਾਂ ਕਵੀ ਪ੍ਰੀਤਮ, ਕਵੀ ਜਨਾਂ ਲਈ ਮਾਨੋ ਫ਼ੁਰਮਾਨ ਆਏ।
ਫੇਰ ਕੀ ਸੀ ਮਾਹੀ ਦੀ ਸੱਦ ਸੁਣ ਕੇ, ਹਿਰਦੇ ਪੰਘਰੇ ਨਿਕਲ ਅਰਮਾਨ ਆਏ।
ਲਾਈ ਸੱਦ 'ਬਿਹਾਗੀ' ਨੇ ਜਿਹੀ ਮਿੱਠੀ, ਮੁਰਦਾ ਦਿਲਾਂ ਅੰਦਰ ਮਾਨੋ ਜਾਨ ਭਰ ਗਈ।
ਫੇਰ ਮੁਸ਼ਕਿਆ 'ਲਾਲ' ਤੇ ਭਾਈ 'ਅੱਡਾ', ਕਲਮ ਜਿਨ੍ਹਾਂ ਨੂੰ ਜੱਗ ਤੇ ਅਮਰ ਕਰ ਗਈ।
ਸੁਣ ਕੇ ਕੀਰਤੀ ਇਕ ਮੁਸਲਮਾਨ ਸੱਯਦ 'ਇਬਰਾਹੀਮ' ਆ ਪੁੱਜਾ ਦਰਬਾਰ ਅੰਦਰ।
ਝਾਲ ਝੱਲ ਨਾ ਸਕਿਆ ਦਰਸ਼ਨਾਂ ਦੀ, ਖੀਵਾ ਹੋ ਗਿਆ ਪ੍ਰੇਮ-ਖ਼ੁਮਾਰ ਅੰਦਰ।
ਕੀਤੀ ਬੇਨਤੀ ਸੀਸ ਨਿਹੁੜਾਇ ਕੇ ਤੇ, ਸਾਂਝ ਪਾਉ ਮੇਰੀ ਇਸ ਗੁਲਜ਼ਾਰ ਅੰਦਰ।
ਦੇ ਕੇ ਆਬੇ-ਹਯਾਤ ਦੇ ਪੰਜ ਚੁੱਲੇ, ਬਖਸ਼ੋ ਨਵਾਂ ਜੀਵਨ ਇਸ ਸੰਸਾਰ ਅੰਦਰ।
ਕਲਗੀ ਵਾਲੇ ਨੇ ਪੰਜ ਪਿਆਰਿਆਂ ਨੂੰ, ਦੇ ਕੇ ਆਗਿਆ ਅੰਮ੍ਰਿਤ ਤਿਆਰ ਕੀਤਾ।
ਗੁੜ੍ਹਤੀ ਪਿਆਲ 'ਅਜਮੇਰ ਸਿੰਘ' ਨਾਮ ਰਖਿਆ, 'ਮਿੱਤਰ', ਨੱਦਰੀ ਨਦਰ ਨਿਹਾਲ ਕੀਤਾ।

**ਕਲਗੀਧਰ ਦੇ ਬੋਲ—**

ਘੁੱਟ ਅੰਮ੍ਰਿਤ ਦੇ ਪੰਜ ਜੋ ਪੀ ਲਵੇਗਾ, ਕਦੀ ਕਿਸੇ ਤੋਂ ਕਾਂਪ ਨਾ ਖਾਏਗਾ ਉਹ।
ਵਾਂਗ ਬੇਰਾਂ ਦੇ ਝਾੜੇਗਾ ਵੈਰੀਆਂ ਨੂੰ, ਪਿੱਠ ਕਦੀ ਨਾ ਰਣ ਵਿਚ ਵਿਖਾਏਗਾ ਉਹ।
ਸੱਚੀ ਗੱਲ ਹੈ ਮੇਰੇ ਇਸ ਸ਼ੇਰ ਅੱਗੇ, ਜੋ ਵੀ ਅੜੇਗਾ ਬੂਥਾ ਭੰਨਾਏਗਾ ਉਹ।
ਇੰਜ ਕੱਢੇਗਾ ਦੇਸ਼ ਚੋਂ ਜ਼ਾਲਮਾਂ ਨੂੰ 'ਮਿੱਤਰ', ਭਾਰਤ ਵਲ ਪਰਤ ਨਾ ਆਏਗਾ ਉਹ।
ਬਲੀ ਪੰਥ ਐਸਾ ਪੈਦਾ ਕੀਤਾ ਏ ਮੈਂ, ਦੁਖੀਆਂ ਦਰਦੀਆਂ ਦੀ ਦਾਰੀ ਕਰੇਗਾ ਇਹ।
ਇਹਦੇ ਰਾਜ* ਵਿਚ ਜਨਤਾ ਖੁਸ਼ਹਾਲ ਹੋਸੀ, ਹਾਲਾ† ਕਿਸੇ ਦਾ ਕਦੀ ਨਾ ਭਰੇਗਾ ਇਹ।

* ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਲ ਇਸ਼ਾਰਾ। † ਟੈਕਸ, ਚੱਟੀ।

ਜਾਂਦਿਆਂ ਨੂੰ ਉਹ ਕਿਵੇਂ ਲੁੱਟ ਘਸੁੱਟ ਸਕਦਾ ਹੈ ? ਅਮਨ ਅਮਾਨ ਨਾਲ ਘਰ ਬੈਠਿਆਂ ਤੋਂ ਕਿਵੇਂ ਰੁਅਬ ਦੇ ਕੇ ਰਕਮਾਂ ਉਗਰਾਹ ਸਕਦਾ ਹੈ ? ਕਦਾਚਿਤ ਨਹੀਂ। ਇਸ ਵਿਚ ਕੋਈ ਸ਼ਕ ਨਹੀਂ ਕਿ ਖ਼ਾਲਸੇ ਨੂੰ ਬਦਨਾਮ ਕਰਨ ਲਈ ਫ਼ਿਰਕੂ ਅਨਸਰ ਅਤੇ ਜ਼ਾਲਮ ਸਰਕਾਰਾਂ ਵਲੋਂ ਸਦਾ ਹੀ ਖਾਲਸੇ ਵਿਰੁਧ ਅਜਿਹਾ ਪ੍ਰਾਪੇਗੰਡਾ ਕੀਤਾ ਜਾਂਦਾ ਰਿਹਾ ਹੈ।

ਖ਼ਾਲਸਾ ਸਦਾ ਪਰਉਪਕਾਰੀ ਹੈ। ਉਹ ਆਪਣੇ ਪਿਆਰੇ ਪ੍ਰਭੂ ਦੀ ਯਾਦ ਵਿਚ ਪ੍ਰੋਤਾ ਹੋਇਆ ਸਦਾ ਮਜ਼ਲੂਮਾਂ ਦੀ ਰੱਖਿਆ ਕਰਦਾ ਆਇਆ ਹੈ ਅਤੇ ਦੁਸ਼ਟਾਂ ਦੋਖੀਆਂ ਨੂੰ ਸੋਧਦਾ ਰਿਹਾ ਹੈ।



www.AKJ.Org

ਖ਼ਾਲਸੇ ਨੂੰ

# ਵੈਸਾਖੀ ਸਮੇਂ ਦਸਮੇਸ਼ ਜੀ ਦਾ ਪੈਗ਼ਾਮ

[ਸ: ਅਤਰ ਸਿੰਘ ਜੀ 'ਨੀਰ' ਪੀਤਮ ਪੁਰਾ, ਦਿੱਲੀ–34]

ਸਾਜਿਆ ਖਾਲਸਾ ਤਾਂ ਕਲਗੀਧਰ ਦਾਤਾ, ਉਚੀ ਬੋਲਿਆ ਬੜੇ ਜਲਾਲ ਦੇ ਵਿਚ।
ਮੇਰੇ ਪ੍ਰਭੂ ਨੇ ਦਿਤਾ ਏ ਹੁਕਮ ਮੈਨੂੰ, ਰਖਣਾ ਸਦਾ ਭਰੋਸਾ ਅਕਾਲ ਦੇ ਵਿਚ।
ਧਰਮ ਪਾਲਣਾ ਸੰਤ ਸਹਾਈ ਬਣਨਾ, ਜੱੜ੍ਹ ਦੁਸ਼ਟਾਂ ਦੀ ਰੋੜ੍ਹਨੀ ਝਾਲ ਦੇ ਵਿਚ।

... ... ... ... ...

ਇਸ ਵਾਸਤੇ ਹਰ ਕਿਸਮ ਦੀ ਕੁਲ ਸ਼ਕਤੀ, ਪ੍ਰਭੂ ਦਿਆਲ ਜੀ ਕੋਲੋਂ ਆਪ ਮਾਣਦਾ ਮੈਂ।
ਦੇਵੀ ਦੇਵਤੇ ਨਹੀਂ ਪਛਾਣਦਾ ਮੈਂ, ਨ ਹੀ ਰਾਮ ਰਹੀਮ ਨੂੰ ਜਾਣਦਾ ਮੈਂ।

ਉਨ੍ਹਾਂ ਲੋਕਾਂ ਚੋਂ ਬਣਨੀ ਹੈ ਫੌਜ ਮੇਰੀ, ਉਚੀ ਜ਼ਾਤ ਕੁਲ ਜਿਨ੍ਹਾਂ ਦੁਰਕਾਰਦੀ ਏ।
ਚਿੱਟੀ ਚਮੜੀ ਜਿਨ੍ਹਾਂ ਨੂੰ ਨਾਲ ਨਫਰਤ, ਨੀਚ ਨੀਚ ਤੇ ਸੂਦਰ ਪੁਕਾਰਦੀ ਏ।
ਮੇਰੀ ਫ਼ੌਜ ਗਰੀਬ ਨਿਮਾਣਿਆਂ ਦੀ, ਬਣਨੀ ਸਿਰਮੌਰ ਸਰਦਾਰ ਸੰਸਾਰ ਦੀ ਏ।
ਚਿੜੀਆਂ ਮੇਰੀਆਂ ਚੁਗਣਗੀਆਂ ਰਾਜ ਜ਼ੁਲਮੀ, ਧੁਨੀ ਉਠਣੀ ਧਰਮ ਜੈ ਜੈਕਾਰ ਦੀ ਏ।

ਦੇਣੀ ਵਰਦੀ ਅਜਿਹੀ ਮੈਂ ਇਨ੍ਹਾਂ ਤਾਈਂ, ਹੋਵੇ ਸਾਰੇ ਸੰਸਾਰ ਤੋਂ ਅਡਰੀ ਜੋ।
ਉਤਾਰੀ ਜਾਏ ਨ ਕਦੇ ਵੀ ਕਿਸੇ ਕੋਲੋਂ, ਨਾ ਹੀ ਛਿਜੇ ਤੇ ਹੋਏ ਨ ਡਡਰੀ ਜੋ।

ਮੈਂ ਭੇਡਾਂ ਦੇ ਇਜੜ ਵਧਾਵਣੇ ਨਹੀਂ, ਮੈਂ ਪੈਦਾ ਹਨ ਗੇ ਬੱਬਰ ਸ਼ੇਰ ਕਰਨੇ।
ਮੈਂ ਰੋੜੇ ਰਕੜੇ ਐਵੇਂ ਖਿਲਾਰਨੇ ਨਹੀਂ, ਹਰ ਤਰਫ਼ ਹਨ ਖੜੇ ਸੁਮੇਰ ਕਰਨੇ।
ਜੋਧੇ ਐਸੇ ਬਣਾਵਣੇ ਜੱਗ ਅੰਦਰ, ਜਿਨ੍ਹਾਂ ਜ਼ਾਲਮ ਅਨਿਆਈ ਸਭ ਜ਼ੇਰ ਕਰਨੇ।
ਭਰਮ ਕਢਣੇ ਤੂੰ ਤੇ ਮੈਂ ਦੇ ਸਭ, ਕੋਈ ਵਿਤਕਰੇ ਨ ਤੇਰ ਮੇਰ ਕਰਨੇ।

ਧਾਰਨੀ ਬੀਰ ਮੇਰੇ ਹੋਮਨ ਸ਼ਸਤਰਾਂ ਦੇ, ਜੋ ਕਿ ਵਰਤਣਗੇ ਜ਼ੁਲਮ ਦੇ ਖ਼ਿਲਾਫ਼ ਸਾਰੇ।
ਮੇਰੇ ਸੱਚੇ ਇਹ ਸੰਤ ਸਿਪਾਹੀ ਹੋਜਨ, ਦੂਈ ਦਵੈਤ ਤੋਂ ਪਾਕ ਤੇ ਸਾਫ਼ ਸਾਰੇ।

ਰਖੋ ਯਾਦ ਕਿ ਅਣਖ ਹੀ ਜ਼ਿੰਦਗੀ ਏ, ਬੇ-ਅਣਖੀ ਦਾ ਜੀਣਾ ਨਹੀਂ ਜੀਣ ਕੋਈ।
ਖੁਲ੍ਹੇ ਡੁਲ੍ਹੇ ਪਏ ਵਿਚਰੋ ਜੱਗ ਅੰਦਰ, ਤੁਹਾਨੂੰ ਤਕੇ ਨ ਅੱਖ ਮਲੀਨ ਕੋਈ।
ਉਤਮ ਦੇਸ਼ ਤੇ ਕੌਮ ਦੀ ਰੱਖਿਆ ਏ, ਇਧਰ ਝਾਕੇ ਨ ਅੱਖ ਮਾੜਾ ਕਮੀਨ ਕੋਈ।
ਤਰਸ ਕਰੋ, ਲੋਕਾਂ ਚਿ ਪਿਆਰ ਵੰਡੋ, ਤੁਹਾਨੂੰ ਪਿਆਰ ਦੇਸੀ ਰੱਬ ਪਰਬੀਨ ਕੋਈ।

ਤੁਹਾਡੀ ਵਰਦੀ ਦੇ ਨਾਲ ਹੀ ਯਾਦ ਰਖੋ, ਮਨ ਚੜ੍ਹਦੀ ਕਲਾ ਅੰਦਰ ਚਮਕਾਂ ਮਾਰਦਾ ਏ।
ਬਣੋ ਬਹਾਦਰ ਪਰ ਵਿਖਾਵਾ ਨ ਮੂਲ ਹੋਵੇ, ਵਿਖਾਵਾ ਅਸਲ ਅਸਲੀਅਤ ਵਿਗਾੜਦਾ ਏ।

ਤੁਹਾਨੂੰ ਸਾਜਿਆ ਏ ਮਲ ਰਹਿਤ ਪੂਰਨ, ਮਨ ਬਚਨ ਕਰਮ ਤੁਹਾਡਾ ਸੱਚ ਤੇ ਸੁਚ ਹੋਵੇ।
ਜਾਗਤ ਜੋਤ ਦੇ ਵਿਚ ਵਿਸ਼ਵਾਸ ਪੱਕਾ, ਮੜ੍ਹੀਆਂ ਮੱਠ ਵਲ ਭੁਲ ਕੇ ਨਾ ਰੁਚ ਹੋਵੇ।
ਅੰਮ੍ਰਿਤ ਬਾਟੇ ਦਾ, ਬਾਣੀ ਦਾ ਰੱਸ ਲੈ ਕੇ, ਸਰੀਰ ਬਲਵਾਨ ਤੇ ਬੁਧੀ ਉਚ ਹੋਵੇ।
ਪੰਜਾਂ ਪਿਆਰਿਆਂ ਦੇ ਵਿਚ ਮੈਂ ਆਪ ਹੋਸਾਂ, ਜਿਵੇਂ ਸਾਗਰ ਤੇ ਬੂੰਦ ਸਮੁਚ ਹੋਵੇ।

ਫ਼ਤਹ ਸਦਾ ਹੀ ਚੁੰਮੇਗੀ ਪੈਰ ਆ ਕੇ, ਰਖਣਾ ਸੰਭਾਲ ਕੇ ਮੇਰਾ ਸਰੂਪ ਸਿੰਘੋ।
ਤੁਸੀਂ ਮੇਰੇ ਤੇ 'ਨੀਰ' ਮੈਂ ਤੁਸਾਂ ਦਾ ਹਾਂ, ਮੈਂ ਤੇ ਖਾਲਸਾ ਹਾਂ ਇਕੋ ਰੂਪ ਸਿੰਘੋ।



www.AKJ.Org

# ਨਾਸਕੀ ਉਚਾਰਨ–ਬੇਲੋੜਵੇਂ ਬਿੰਦੇ

ਜਨਵਰੀ 'ਸੂਰਾ' ਅੰਕ ਵਿਚਲੇ ਲੇਖ ਵਿਚ ਅਸੀਂ ਵੇਖ ਆਏ ਹਾਂ ਕਿ ਕਈ ਇਸਤ੍ਰੀ ਲਿੰਗ ਸ਼ਬਦਾਂ ਦੇ ਅੰਤ ਵਿਚ 'ੀਆ' ਚਿੰਨ੍ਹ ਲਗਾ ਹੋਣ ਕਰਕੇ, ਅਸੀਂ ਭੁਲੇਖੇ ਵਿਚ ਬਹੁ-ਵਚਨ ਸਮਝ ਕੇ ਅਖੀਰਲੇ ਕੰਨੇ ਉਪਰ ਬਿੰਦੀ ਲਗਾ ਕੇ ਨਾਸਕੀ ਉਚਾਰੀ ਜਾਂਦੇ ਹਾਂ, ਹਾਲਾਂਕਿ ਉਹ ਸ਼ਬਦ ਇਕ-ਵਚਨ ਇਸਤ੍ਰੀ ਲਿੰਗ ਹੁੰਦੇ ਹਨ, ਜਿਹਾ ਕਿ ਦਿਤੀਆਂ ਉਦਾਹਰਣਾਂ ਵਿਚਲੇ ਸ਼ਬਦ–ਭੁਖ ਤੇਰੀਆ, ਧਰ ਤੇਰੀਆ, ਸਮਗ੍ਰੀ ਤੇਰੀਆ, ਸਰਨਿ ਤੇਰੀਆ, ਉਸਤਤਿ ਤੇਰੀਆ, ਕੁਦਰਤਿ ਤੇਰੀਆ, ਬੇਨੰਤੀ ਮੇਰੀਆ, ਗਤਿ ਮੇਰੀਆ, ਬਿਧਿ ਮੇਰੀਆ, ਸਿਧੀ ਪਾਈਆ, ਠਾਕਿ ਰਹਾਈਆ, ਮਾਨੁਖ ਦੇਹੁਰੀਆ, ਇਹ ਬਰੀਆ ਆਦਿ ਸਪੱਸ਼ਟ ਹਨ ।

ਹੁਣ ਅਸੀਂ 'ੀਆ' ਚਿੰਨ੍ਹ ਵਾਲੇ ਹੋਰ ਸ਼ਬਦ ਗੁਰਬਾਣੀ ਵਿਚੋਂ ਵੇਖਦੇ ਹਾਂ, ਜਿਨ੍ਹਾਂ ਦਾ ਉਚਾਰਨ ਨਾਸਕੀ ਨਹੀਂ ਹੈ, ਉਨ੍ਹਾਂ ਦੇ ਅੰਤ ਵਿਚ ਬਿੰਦੇ ਨਹੀਂ ਬੋਲਦੇ । ਅਰੰਭ ਵਿਚ ਅਸੀਂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸੂਹੀ ਰਾਗ ਵਿਚ ਮਿਲਦਾ ਇਕ ਪੂਰਾ ਸ਼ਬਦ ਵਿਚਾਰਦੇ ਹਾਂ—

ਪ੍ਰੀਤਿ ਪ੍ਰੀਤਿ 'ਗੁਰੀਆ' ਮੋਹਨ ਲਾਲਨਾ ॥
ਜਪਿ ਮਨ ਗੋਬਿੰਦ ਏਕੈ ਅਵਰੁ ਨਹੀ ਕੋ ਲੇਖੈ,ਸੰਤ ਲਾਗੁ ਮਨਹਿ ਛਾਡੁ ਦੁਬਿਧਾ ਕੀ 'ਕੁਰੀਆ'॥੧॥ਰਹਾਉ॥
ਨਿਰਗੁਨ 'ਹਰੀਆ' ਸਰਗੁਨ 'ਧਰੀਆ', ਅਨਿਕ ਕੋਠਰੀਆ ਭਿੰਨ ਭਿੰਨ ਭਿੰਨ ਭਿਨ ਕਰੀਆ ॥
ਵਿਚਿ ਮਨ 'ਕੋਟਵਰੀਆ' ॥ ਨਿਜ ਮੰਦਰਿ 'ਪਿਰੀਆ' ॥
ਤਹਾ ਆਨਦ 'ਕਰੀਆ' ॥ ਨਹ 'ਮਰੀਆ' ਨਹ 'ਜਰੀਆ' ॥੧॥
ਕਿਰਤਨਿ'ਜੁਰੀਆ'ਬਹੁ ਬਿਧਿ'ਫਿਰੀਆ'ਪਰ ਕਉ'ਹਿਰੀਆ'॥ਬਿਖਨਾ'ਘਿਰੀਆ'॥ਅਬ ਸਾਧੂ ਸੰਗਿ'ਪਰੀਆ'॥
ਹਰਿ ਦੁਆਰੈ'ਖਰੀਆ'॥ ਦਰਸਨੁ'ਕਰੀਆ'॥ਨਾਨਕ ਗੁਰ'ਮਿਰੀਆ'॥ ਬਹੁਰਿ ਨ'ਫਿਰੀਆ'॥੨॥(ਪੰਨਾ ੭੪੬

ਉਪਰੋਕਤ ਸ਼ਬਦ ਵਿਚ ਗੁਰੀਆ (ਮਹਾਨ ਉਚੀ ਪ੍ਰੀਤ), ਕੁਰੀਆ (ਪਗਡੰਡੀ), ਹਰੀਆ (ਹਰੀ ਪ੍ਰਭੂ ਜੀ), ਧਰੀਆ (ਸਰਗੁਨੀ ਰਚਨਾ ਸਥਾਪਿਤ ਕੀਤੀ ਹੈ), ਕੋਟਵਰੀਆ (ਕੋਤਵਾਲੀ ਕਰਨ ਵਾਲਾ ਕੋਤਵਾਲ), ਪਿਰੀਆ (ਪਿਰੀ-ਪ੍ਰਭੂ ਜੀ), ਕਰੀਆ, ਜਰੀਆ (ਜਰੀ, ਬਢੇਪਾ), ਜੁਰੀਆ, ਫਿਰੀਆ, ਹਿਰੀਆ, ਘਿਰੀਆ, ਪਰੀਆ, ਖਰੀਆ, ਕਰੀਆ, ਮਿਰੀਆ, ਫਿਰੀਆ—ਇਹ ਸਾਰੇ ਸ਼ਬਦ ਇਕ-ਵਚਨ ਹਨ ਅਤੇ ਇਨ੍ਹਾਂ ਦਾ ਉਚਾਰਨ ਬਿੰਦਿਆਂ ਤੋਂ ਰਹਿਤ ਹੈ । ਇਨ੍ਹਾਂ ਨੂੰ ਨਾਸਕੀ ਉਚਾਰਨਾ ਦਰੁਸਤ ਨਹੀਂ ।

ਇਸੇ ਸ਼ਬਦ ਵਾਂਗ ਬਿਲਾਵਲ ਰਾਗ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੀਆਂ ਛੇ ਅਸ਼ਟਪਦੀਆਂ ਹਨ । ਇਨ੍ਹਾਂ ਅਸ਼ਟਪਦੀਆਂ ਦੀ ਹਰੇਕ ਤੁਕ ਦੇ ਆਖ਼ਰੀ ਸ਼ਬਦ ਦੇ ਅੰਤ ਵਿਚ 'ੀਆ' ਚਿੰਨ੍ਹ ਹੈ । ਜਿਹਾ ਕਿ ਗਵਈਆ,ਮਿਲਈਆ, ਰਮਈਆ, ਪੜਈਆ, ਲਗਈਆ, ਪਈਆ, ਲਈਆ, ਲੰਘਈਆ, ਬਜਈਆ, ਸੁਣਈਆ, ਰਵਈਆ, ਪਸਰਈਆ, ਲਖਈਆ, ਸਮਈਆ ਆਦਿ । ਹਰੇਕ ਅਸ਼ਟਪਦੀ ਵਿਚ ੧੮ ਤੁਕਾਂ ਹਨ ਅਤੇ ਛਿਆਂ ਹੀ ਅਸ਼ਟਪਦੀਆਂ ਦੀਆਂ ਸਾਰੀਆਂ ਤੁਕਾਂ ਦੇ ਅੰਤ ਵਿਚ ਇਸ ਤਰ੍ਹਾਂ ਦੇ ਸ਼ਬਦ ਮਿਲਦੇ ਹਨ। ਇਕ ਦੋ ਸ਼ਬਦਾਂ ਨੂੰ ਛਡ ਕੇ ਸਾਰੇ ਸ਼ਬਦਾਂ ਦਾ ਉਚਾਰਨ ਹੀ ਬਿੰਦਿਆਂ ਤੋਂ ਬਿਨਾਂ ਹੈ । ਇਨ੍ਹਾਂ ਵਿਚ 'ਗੁਸਾਂਈ' ਸ਼ਬਦ ਇਕ-ਵਚਨ ਤੋਂ 'ਗੁਸਈਆ' ਸ਼ਬਦ ਬਣਿਆ ਹੋਇਆ ਹੈ, ਇਸ ਸ਼ਬਦ ਦਾ ਨਾਸਕੀ ਉਚਾਰਨ ਮੂਲਕ ਹੈ, ਜਿਸ ਕਰਕੇ 'ਗੁਸਾਈ' ਸ਼ਬਦ ਦੇ ਅੰਤਲੇ 'ਈ' ਅੱਖਰ ਦੀ ਨਾਸਕਤਾ ਅੰਤਲੇ 'ਆ' ਨੂੰ ਭੀ ਨਾਸਕੀ ਕਰ ਦਿੰਦੀ ਹੈ । ਪਰ ਇਕੇਰਾਂ ਬਿਲਾਵਲ ਰਾਗ ਵਿਚਲੀਆਂ ਇਨ੍ਹਾਂ ਅਸ਼ਟਪਦੀਆਂ ਵਿਚੋਂ ਹੀ ਹੁਕਮਨਾਮਾ ਲੈਂਦਿਆਂ ਇਕ ਪ੍ਰੇਮੀ ਸਜਣ ਜੀ ਇਕ ਦੋ ਤੁਕਾਂ ਦੇ ਅੰਤ ਵਿਚ ਕੰਨਿਆਂ ਦੇ ਨਾਲ ਬਿੰਦਿਆਂ ਦਾ ਉਚਾਰਨ ਕਰ ਰਹੇ ਸਨ, ਜਿਹਾ ਕਿ—

ਭਾਰ ਅਠਾਰਹ ਮਹਿ ਚੰਦਨੁ ਊਤਮੁ, ਚੰਦਨ ਨਿਕਟਿ ਸਭ ਚੰਦਨੁ 'ਹੁਈਆ' ॥
ਸਾਕਤ ਕੂੜੇ ਊਭ ਸੁਕ ਹੂਏ, ਮਨਿ ਅਭਿਮਾਨੁ ਵਿਛੁੜਿ ਦੂਰਿ 'ਗਈਆ' ॥੨॥ (ਪੰਨਾ ੮੩੪)



www.AKJ.Org

ਇਨ੍ਹਾਂ ਤੁਕਾਂ ਦੇ ਅਖ਼ੀਰਲੇ ਸ਼ਬਦਾਂ ਦੇ ਅੰਤਲੇ ਕੰਨਿਆਂ ਉਪਰ ਬਿੰਦੇ ਉਚਾਰਨੇ ਬੇਲੋੜੇ ਤੇ ਅਨੁਚਿਤ ਹਨ, ਕਿਉਂਕਿ 'ਹੁਟੀਆ' ਸ਼ਬਦ ਪਰਗਟ ਕਰਦਾ ਹੈ ਕਿ ਚੰਦਨ ਦੇ ਨੇੜੇ ਦੀ ਸਾਰੀ ਬਨਸਪਤੀ ਚੰਦਨ ਹੋ ਜਾਂਦੀ ਹੈ । ਇਹ ਕਿਰਿਆ ਵੀ ਇਸਤ੍ਰੀ ਲਿੰਗ ਇਕ-ਵਚਨ ਦੀ ਹੈ । ਦੂਜੀ ਤੁਕ ਵਿਚ ਇਕ ਹੋਰ ਕਾਵਿਕ ਰਹੱਸ ਹੈ ।

ਕਈ ਤੁਕਾਂ ਵਿਚ ਕਈ ਸ਼ਬਦਾਂ ਦੇ ਅੰਤ ਵਿਚ ਸੰਗੀਤਕ ਲੈਅ ਅਧੀਨ ਅਤੇ ਅੰਤਲੇ ਤੁਕਾਂਤਾਂ ਵਿਚ ਇਕ-ਸਾਰਤਾ ਲਈ ਅਥਵਾ ਕਾਵਿ-ਸੁੰਦਰਤਾ ਨੂੰ ਮੁਖ ਰਖਦਿਆਂ 'ੀਆ' ਦੀ ਵਰਤੋਂ ਹੋਈ ਹੋਈ ਹੈ । ਜਿਹਾ ਕਿ ਇਸ ਤੁਕ—"ਸਾਕਤ ਕੂੜੇ ਊਭ ਸੂਕ ਹੂਏ, ਮਨਿ ਅਭਿਮਾਨੁ ਵਿਛੁੜਿ ਦੂਰਿ ਗਈਆ" ਵਿਚ 'ਗਈਆ' ਸ਼ਬਦ ਨਾ ਇਸਤ੍ਰੀ-ਲਿੰਗ ਹੈ ਅਤੇ ਨਾ ਹੀ ਇਕ-ਵਚਨ ਹੈ । ਇਸ ਤੁਕ ਦੇ ਪਿਛਲੇ ਅਧ ਦੇ ਅਰਥ ਹਨ—ਸਾਕਤ ਮਨੁਖਾਂ ਦੇ ਮਨ ਵਿਚ ਅਭਿਮਾਨ ਹੈ, ਜਿਸ ਦੇ ਕਾਰਨ (ਉਹ ਪ੍ਰਭੂ ਤੋਂ) ਵਿਛੜ ਕੇ ਦੂਰ ਹੋ ਗਏ ਹਨ । ਪਰ ਇਥੇ ਇਸ ਤੁਕ ਵਿਚ 'ਗਈਆ' ਸ਼ਬਦ ਨੂੰ ਨਾਸਕੀ ਅਥਵਾ ਬਿੰਦੇ ਸਹਿਤ ਨਹੀਂ ਉਚਾਰਨਾ । ਇਸੇ ਤਰ੍ਹਾਂ ਦੀਆਂ ਹੋਰ ਉਦਹਾਰਣਾ ਮਿਲਦੀਆਂ ਹਨ—

(ੳ) ਬਡੇ ਬਡੇ 'ਅਹੰਕਾਰੀਆ' ਨਾਨਕ ਗਰਬਿ ਗਲੇ ।।੧।। ਸਲੋਕ ।। ['ਅਹੰਕਾਰੀਆ' ਬਿੰਦੇ ਰਹਿਤ]
(ਅ) ਹਮ ਮੈਲੁ ਭਰੇ 'ਦੁਹਚਾਰੀਆ' ਹਰਿ ਰਾਖਹੁ ਅੰਗੀ ਅੰਙੁ ।।੩।।(੭੩੨) ['ਦੁਹਚਾਰੀਆ' ,, ,, ]
(ੲ) ਅਨਿਕ ਕੋਠਰੀ ਬਹੁਤੁ ਭਾਤਿ 'ਕਰੀਆ' ਆਪਿ ਹੋਆ ਰਖਵਾਰਾ । ੪।। (੨੦੬) ['ਕਰੀਆ' ,, ,,]
(ਸ) ਧਨੁ ਧਨੁ ਵਣਜੁ 'ਵਾਪਾਰੀਆ', ਜਿਨ ਵਖਰੁ ਲਦਿਅੜਾ ਹਰਿ ਰਾਸਿ ।।੬।।੮੨।। ['ਵਾਪਾਰੀਆ' ,,]
(ਹ) ਰੂਪ 'ਸੁੰਦਰੀਆ' ਅਨਿਕ 'ਇਸਤਰੀਆ' ।। ਹਰਿ ਰਸ ਬਿਨੁ ਸਭਿ ਸੁਆਦ 'ਫਿਕਰੀਆ' ।।੩।। (੩੮੫)

ਉਪਰੋਕਤ ਪੰਜਾਂ ਤੁਕਾਂ ਵਿਚਲੇ ਸ਼ਬਦ ਅਹੰਕਾਰੀਆ (ਅਹੰਕਾਰੀ), ਦੁਹਚਾਰੀਆ (ਦੁਹਚਾਰੀ), ਕਰੀਆ (ਕੀਤੀਆਂ ਹਨ), ਵਾਪਾਰੀਆ (ਵਾਪਾਰੀ), ਸੁੰਦਰੀਆ, ਇਸਤਰੀਆ, ਫਿਕਰੀਆ ਬਹੁ-ਵਚਨ ਹੁੰਦੇ ਹੋਏ ਵੀ, ਇਨ੍ਹਾਂ ਦਾ ਉਚਾਰਨ ਨਾਸਕੀ ਨਹੀਂ ਹੈ, ਆਖ਼ਰੀ ਕੰਨੇ ਤੇ ਬਿੰਦੇ ਦਾ ਉਚਾਰਨ ਨਹੀਂ ਕਰਨਾ ਹੈ ।

ਹੁਣ ਫਿਰ ਇਕ-ਵਚਨ ਬਿੰਦਿਆਂ ਰਹਿਤ ਸ਼ਬਦਾਂ ਦੀਆਂ ਕੁਝ ਉਦਾਹਰਣਾਂ ਵੇਖਦੇ ਹਾਂ—

—'ਤੁਟੜੀਆ' ਸਾ ਪ੍ਰੀਤਿ ਜੋ ਲਾਈ ਬਿਅੰਨ ਸਿਉ ।।੨।।੪।। (੭੦੬) [ਦੂਜਿਆਂ ਨਾਲ ਲਾਈ ਪ੍ਰੀਤ ਟੁਟ ਗਈ]
—ਨਾਨਕ ਨਾਮ 'ਵਿਹੂਣੀਆ' ਨਿਮੁਣਿਆਦੀ ਦੇਹ ।।੩।।੨੦।। (੧੧੦੧) [ਨਾਮ ਤੋਂ ਵਿਹੂਣੀ ਦੇਹੀ]
—ਸਾਖ ਪਕੰਦੀ 'ਆਈਆ' ਹੋਰ ਕਰੇਂਦੀ ਵੰਨ ।।੧੧।। (੧੩੭੮) [ਸ਼ਾਖ-ਟਹਿਣੀ ਪਕਣੀ ਆ ਗਈ ਹੈ]
—ਗ੍ਰਿਹਿ ਲਾਲ ਆਏ ਮਨਿ ਧਿਆਏ ਸੇਜ ਸੁੰਦਰਿ ਸੋਹੀਆ ।।੭।। (੯੨੯) [ਸੇਜ ਸੋਭਾ ਵਾਲੀ ਹੋ ਗਈ]
—ਤੁਧੁ ਜਗ ਮਹਿ ਖੇਲੁ ਰਚਾਇਆ ਵਿਚਿ ਹਉਮੈ 'ਪਾਈਆ' ।।੬।। (੧੦੯੬) [ਵਿਚ ਹਉਮੈ ਪਾ ਦਿਤੀ ਹੈ]
—ਮੈ ਮੇਲਹੁ ਸੰਤ ਮੇਰਾ ਹਰਿ ਪ੍ਰਭੁ ਸਜਣੁ, ਮੈ ਮਨਿ ਤਨਿ ਭੁਖ 'ਲਗਾਈਆ' ਜੀਉ ।।੩।। (੧੭੪) [ਭੁਖ ਲਗੀ ਹੈ]
—ਸਾਲਾਹੀ ਸਚੁ ਸਾਲਾਹ ਸਚੁ, ਸਚੁ ਕੀਮਤਿ ਕਿਨੈ ਨ 'ਪਾਈਆ' ।।੨੩।। (੩੧੩) [ਕੀਮਤ ਕਿਸੇ ਨਹੀਂ ਪਾਈ]
—ਇਕਿ ਤੁਝ ਹੀ ਕੀਏ ਰਾਜੇ ਇਕਨਾ ਭਿਖ 'ਮੰਗਾਈਆ' ।।੧।। (੫੯੬) [ਕਈਆਂ ਤੋਂ ਭਿਖ ਮੰਗਵਾਈ ਹੈ]
—ਵਵੈ ਵਾਰੀ 'ਆਈਆ' ਮੂੜੇ ਵਾਸੁਦੇਉ ਤੁਧੁ ਵੀਸਰਿਆ ।।੧੨।। (੪੩੫) [ਵਾਰੀ ਆ ਗਈ ਹੈ]
—ਇਕਨਾ ਦਰਸਨ ਕੀ ਪਰਤੀਤਿ ਨ 'ਆਈਆ' ਸਬਦਿ ਨ ਕਰਹਿ ਵੀਚਾਰੁ।।੧।।੫।।(੫੮੭)[ਪਰਤੀਤ ਨਹੀਂ ਆਈ]
—ਹਉ ਆਇਆ ਸਾਮੈ 'ਤਿਹੰਡੀਆ' ।।੫।। (੭੩) [ਤੇਰੀ ਓਟ ਵਿਚ]
—ਸਭ ਹੋਈ ਛਿੰਝ 'ਇਕਠੀਆ' ਦਯੁ ਬੈਠਾ ਵੇਖੈ ਆਪਿ ਜੀਉ ।।੧੭।। (੭੪) [ਸਾਰੀ ਛਿੰਝ ਇਕੱਠੀ ਹੋਈ]
—ਕੁੰਜੀ ਜਿਨ ਕਉ 'ਦਿਤੀਆ' ਤਿਨਾ ਮਿਲੇ ਭੰਡਾਰ ।।੨।।੫।। (੧੨੩੯) [ਕੁੰਜੀ ਦਿਤੀ ਹੈ]
—ਅੰਤਰਿ ਜੋਤਿ 'ਪਰਗਾਸੀਆ' ਨਾਨਕ ਨਾਮਿ ਸਮਾਲਿ ।।੧।। (੧੪੨੧) [ਜੋਤਿ ਪਰਗਾਸੀ ਹੈ]
—ਪਵਿਤੁ ਮਾਤਾ ਪਿਤਾ ਕੁਟੰਬ ਸਹਿਤ ਸਿਉ, ਪਵਿਤੁ ਸੰਗਤਿ 'ਸਬਾਈਆ' ।।੧੭।। (੯੧੯) [ਸਾਰੀ ਸੰਗਤ]



www.AKJ.Org

–ਤੁਧੁ ਆਪੇ ਸਿਸਟਿ 'ਸਿਰਜੀਆ' ਆਪੇ ਫੁਨਿ ਗੋਈ ॥੨੯॥ (੬੫੪) [ਸਿਰਜੀ ਹੈ]
–ਕਾਈ ਆਸ ਨ 'ਪੁੰਨੀਆ' ਨਿਤ ਪਰਮਲੁ ਹਿਰਤੇ ॥੩੨॥ (੩੧੭) [ਨਹੀਂ ਪੂਰੀ ਹੋਈ]
–ਨਾਨਕ ਦੁਨੀਆ ਕੀਆਂ ਵਡਿਆਈਆ ਅਗੀ ਸੇਤੀ ਜਾਲਿ ॥ ਏਨੀ ਜਲੀਈ ਨਾਮੁ ਵਿਸਾਰਿਆ, ਇਕ ਨ 'ਚਲੀਆ' ਨਾਲਿ ॥੨॥੨੬॥ (੧੨੯੦) [ਇਕ ਵਡਿਆਈ ਵੀ ਨਾਲ ਨਹੀਂ ਚਲੀ]
–ਗੁਰ ਪੂਰੇ ਕੀ ਦਾਤਿ ਨਿਤ ਦੇਵੈ ਚੜੈ 'ਸਵਾਈਆ' ॥ [ਦਾਤ ਨਿਤ ਦੇਂਦਾ ਹੈ ਵਧ ਚੜ੍ਹ ਕੇ ਸਵਾਈ]
ਤੁਸਿ ਦੇਵੈ ਆਪਿ ਦਇਆਲੁ ਨ ਛਪੈ 'ਛਪਾਈਆ' ॥ [ਲੁਕਾਇਆਂ ਲੁਕੋਈ ਨਹੀਂ ਜਾ ਸਕਦੀ]
ਹਿਰਦੈ ਕਵਲੁ ਪ੍ਰਗਾਸੁ ਉਨਮਨਿ ਲਿਵ 'ਲਾਈਆ' ॥ [ਉਨਮਨੀ ਲਿਵ ਲਾਈ ਹੈ]
ਜੋ ਕੋ ਕਰੇ ਉਸ ਕੀ ਰੀਸ ਸਿਰਿ ਛਾਈ 'ਪਾਈਆ' ॥ [ਸਿਰ ਤੇ ਛਾਈ ਪਾਈ ਹੈ]
ਨਾਨਕ ਅਪੜਿ ਕੋਇ ਨ ਸਕਈ ਸਤਿਗੁਰ ਕੀ 'ਵਡਿਆਈਆ' ॥੩੪॥ (੧੨੫੦) [ਸਤਿਗੁਰੂ ਦੀ ਵਡਿਆਈ ਨੂੰ]
–ਸਭ ਸੁਖਾਲੀ 'ਵੁਠੀਆ' ਇਹੁ ਹੋਆ ਹਲੇਮੀ ਰਾਜੁ ਜੀਉ ॥੧੩॥ (੭੪) [ਸਾਰੀ ਲੁਕਾਈ ਸੁਖਾਲੀ ਹੋ ਗਈ ਹੈ]
–ਨਾਨਕ ਕੀ 'ਬੇਨੰਤੀਆ' ਕਰਿ ਕਿਰਪਾ ਦੀਜੈ ਨਾਮੁ ॥੧॥ (੧੩੩) [ਬੇਨਤੀ ਹੈ]
–ਸਤਿਗੁਰ ਪਾਸਿ 'ਬੇਨੰਤੀਆ' ਮਿਲੈ ਨਾਮੁ ਆਧਾਰਾ ॥੧॥੪੭॥ (੭੪੯) [ਸਤਿਗੁਰ ਪਾਸ ਬੇਨਤੀ ਹੈ]
–ਮੁਦਤਿ ਪਈ 'ਚਿਰਾਣੀਆ' ਫਿਰਿ ਕਡੂ ਆਵੈ ਰੁਤਿ ॥੩॥੫॥ (੧੦੯੨) [ਚਿਰੋਕੀ ਮੁਦਤ ਹੋ ਗਈ ਹੈ]
–ਰੁਤਿ ਬਰਸਿ 'ਸੁਹੇਲੀਆ' ਸਾਵਣ ਭਾਦਵੇ ਆਨੰਦ ਜੀਉ ॥੪॥ (੯੨੮) [ਸੁਖਦਾਈ ਰੁਤ]
–ਤੈ ਸਹ ਬਾਤ ਨ 'ਪੁਛੀਆ' ਕਬਹੂ ਨ ਲਾਈ ਪਾਇ ॥੧॥੨॥ (੯੪੭) [ਬਾਤ ਨਾ ਪੁਛੀ]
–ਮੇਰੀ ਮੇਰੀ ਕਰਿ ਕੇ ਸੰਚੀ ਅੰਤ ਕੀ ਬਾਰ ਸਗਲ ਲੇ 'ਛਲੀਆ' ॥੧॥ [ਸਾਰਿਆਂ ਨੂੰ ਛਲ ਲੈਂਦੀ ਹੈ]
ਰਾਜੁ ਕਮਾਇ ਕਰੀ ਜਿਨਿ ਥੈਲੀ ਤਾ ਕੈ ਸੰਗਿ ਨ ਚੰਚਲਿ 'ਚਲੀਆ' ॥੨॥ [ਚੰਚਲ ਮਾਇਆ ਨਾਲ ਨਹੀਂ ਚਲਦੀ]
ਸੁਤ ਮੀਤ ਭ੍ਰਾਤ ਤੇ ਗੁਹਜੀ, ਤਾ ਕੈ ਨਿਕਟਿ ਨ ਹੋਈ 'ਖਲੀਆ' ॥੩॥ [ਮਾਇਆ ਉਸ ਦੇ ਸਾਥ ਭੀ ਨਾ ਖਲੋਤੀ]
ਗ੍ਰਿਹਿ ਮੜੀ ਮਸਾਣੀ ਬਨ ਮਹਿ ਬਸਤੇ, ਊਠਿ ਤਿਨਾ ਕੈ ਲਾਗੀ 'ਪਲੀਆ' ॥੪॥ (੧੦੦੪) [ਉਨ੍ਹਾਂ ਨੂੰ ਚਿੰਬੜਦੀ ਹੈ]
–ਸਾਹਾਂ ਸੁਰਤਿ 'ਗਵਾਈਆ' ਰੰਗਿ ਤਮਾਸੇ ਚਾਇ ॥੫॥ (੪੧੭) [ਸੁਰਤ ਗਵਾ ਲਈ ਹੈ]
–ਪਿਰ ਸੰਗਿ ਮੂਠੜੀਏ ਖਬਰਿ ਨ 'ਪਾਈਆ' ਜੀਉ ॥੧॥ (੬੮੬) [ਖਬਰ ਨਹੀਂ ਪਾਈ]
–ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ 'ਪਾਈਆ' ॥੧੦॥ (੯੧੮) [ਜਿਸ ਨੇ ਠਗਉਲੀ ਪਾਈ ਹੈ]
–ਵੇਲ ਨ 'ਪਾਈਆ' ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥੨੧॥ (ਜਪੁਜੀ) [ਉਹੀ ਘੜੀ ਨਹੀਂ ਪਾਈ]
–ਸਾਲਾਹੀ ਸਾਲਾਹਿ ਏਤੀ ਸੁਰਤਿ ਨ 'ਪਾਈਆ' ॥੨੩॥ ( ,, ) [ਸੁਰਤ ਨਹੀਂ ਪਾਈ]
–ਪ੍ਰੇਮ ਭਗਤਿ ਤਿਨ 'ਪਾਈਆ' ਬਿਖਿਆ ਨਾਹਿ ਜਰੇ ॥੧੪॥੧॥ (੧੩੬) [ਪ੍ਰੇਮਾ ਭਗਤੀ ਉਨ੍ਹਾਂ ਪਾਈ ਹੈ]

ਪਿਛੇ ਅਸੀਂ ਇਸਤ੍ਰੀ ਲਿੰਗ ਅੰਤ 'ਿਆ' ਚਿੰਨ੍ਹ ਵਾਲੇ ਸ਼ਬਦਾਂ ਵਾਲੀਆਂ ਤੁਕਾਂ ਉਦਾਹਰਣ ਵਜੋਂ ਵੇਖੀਆਂ ਹਨ, ਜਿਨ੍ਹਾਂ ਦੇ ਉਚਾਰਨ ਵਿਚ ਬਿੰਦੇ ਨਹੀਂ ਬੋਲਦੇ। ਹੁਣ ਹੇਠਾਂ ਕੁਝ ਅੰਜਿਹੀਆਂ ਤੁਕਾਂ ਦੇ ਰਹੇ ਹਾਂ ਜਿਨ੍ਹਾਂ ਵਿਚ ਅਜਿਹੇ ਸ਼ਬਦ ਇਸਤ੍ਰੀ ਲਿੰਗ ਨਹੀਂ, ਸਗੋਂ ਇਕ-ਵਚਨ ਨਾਂਵ ਜਾਂ ਇਕ-ਵਚਨ ਨਾਵਾਂ ਦੀਆਂ ਕਿਰਿਆਂ ਹਨ, ਅਤੇ ਉਨ੍ਹਾਂ ਦੇ ਅੰਤ ਵਿਚ 'ਿਆ' ਚਿੰਨ੍ਹ ਹੁੰਦਿਆਂ ਵੀ, ਉਨ੍ਹਾਂ ਦਾ ਉਚਾਰਨ ਨਾਸਕੀ ਨਹੀਂ ਹੈ—

–ਆਪੇ ਹੀ ਵਡ ਪਰਵਾਰੁ ਆਪਿ 'ਇਕਾਤੀਆ' ॥੨੦॥ (੯੬੫) [ਆਪ ਹੀ ਇਕਾਂਤ-ਵਾਸੀ ਵੀ ਹੈ]
–'ਤਪੀਆ' ਹੋਵੈ ਤਪੁ ਕਰੇ ਤੀਰਥਿ ਮਲਿ ਮਲਿ ਨਾਇ ॥੧॥੭॥ (੭੩੦) [ਤਪੀ, ਤਪ ਕਰਨ ਵਾਲਾ]
–ਨਿਤ ਨਿਹਫਲ ਕਰਮ ਕਮਾਇ ਬਫਾਵੈ 'ਦੁਰਮਤੀਆ' ॥੧॥੭॥ (੭੨੩) [ਦੁਰਮਤੀ, ਖੋਟੀ ਮੱਤ ਵਾਲਾ]
–ਹਰਿ ਰਤਨੈ ਕਾ 'ਵਾਪਾਰੀਆ' ਹਰਿ ਰਤਨ ਧਨੁ ਵਿਹਾਝੈ......੨॥ (੭੩੪) [ਵਪਾਰੀ]
–ਸਿਵ ਅਗੈ ਸਕਤੀ ਹਾਰਿਆ ਏਵੈ ਹਰਿ 'ਭਾਈਆ' ॥੬॥ (੧੦੯੬) [ਹਰੀ ਨੂੰ ਭਾਇਆ ਹੈ]
ਗੁਰ ਦੀਪਕੁ ਗਿਆਨੁ ਸਦਾ ਮਨਿ 'ਬਲੀਆ' ਜੀਉ ॥ ਹਰਿ ਤੁਠੈ ਢੁਲਿ ਢੁਲਿ 'ਮਿਲੀਆ' ਜੀਉ ॥੧॥ (੧੭੩)


www.AKJ.Org

–ਹਉ ਰਹਿ ਨ ਸਕਉ ਬਿਨੁ ਦੇਖੇ ਮੇਰੇ ਪ੍ਰੀਤਮਾ,ਮੈ ਅੰਤਰਿ ਬਿਰਹੁ ਹਰਿ 'ਲਾਈਆ' ਜੀਉ॥ [ਹਰੀ-ਵਿਛੋੜਾ ਲਗਾ ਹੈ]
ਹਰਿ ਰਾਇਆ ਮੇਰਾ ਸਜਣੁ ਪਿਆਰਾ, ਗੁਰੁ ਮੇਲੇ ਮੇਰਾ ਮਨੁ 'ਜੀਵਾਈਆ' ਜੀਉ॥ (੧੭੪) [ਮਨ ਜੀ ਉਠਿਆ ਹੈ]
–ਮਾਰੇਹਿਸੁ ਵੇ ਜਨ ਹਉਮੈ ਬਿਖਿਆ,ਜਿਨਿ ਹਰਿ ਪ੍ਰਭ ਮਿਲਣ ਨ 'ਦਿਤੀਆ'॥(੭੭੬)[ਪ੍ਰਭੂ ਨੂੰ ਮਿਲਣ ਨਾ ਦਿਤਾ]
–ਜਬ ਆਣੈ ਵਲਵੰਚ ਕਰਿ ਝੂਠੁ, ਤਬ ਜਾਣੈ ਜਗੁ 'ਜਿਤੀਆ' ॥੧॥੨॥੭॥ (੭੨੩) [ਜਗ ਜਿਤ ਲਿਆ ਹੈ]
–ਧਨੁ ਮਾਣਸ ਜਨਮੁ ਪੁੰਨਿ 'ਪਾਈਆ' ਰਾਮ ॥੧॥ (੫੭੫) [ਜਨਮ ਪਾਇਆ ਹੈ]
–ਹਰਿਹਾਂ ਜਾਂ ਘਰਿ ਆਇਆ ਕੰਤੁ ਤ ਸਭੁ ਕਿਛੁ 'ਪਾਈਆ' ॥੪॥ (੧੩੬੨) [ਸਭ ਕੁਝ ਪਾ ਲਿਆ ਹੈ]
–ਸਜਣੁ ਤੂਹੈ ਸੈਣੁ ਤੂ ਮੈ ਤੁਝ ਉਪਰਿ ਬਹੁ 'ਮਾਣੀਆ' ॥ [ਤੇਰੇ ਉਪਰ ਬਹੁਤ ਮਾਣ ਹੈ]
ਜਾ ਤੂ ਅੰਦਰਿ ਤਾ ਸੁਖੇ ਤੂ ਨਿਮਾਣੀ 'ਮਾਣੀਆ' ॥੨॥ (੭੬੧) [ਤੂੰ ਨਿਮਾਣੀ ਦਾ ਮਾਣ ਹੈਂ]
–ਹਉ ਸਤਿਗੁਰ ਵੇਖਿ 'ਵਿਗਸੀਆ' ਹਰਿ ਨਾਮੇ ਲਗਾ ਪਿਆਰੁ ॥੨॥ (੭੫੮) [ਵੇਖ ਕੇ ਖਿੜ ਗਿਆ ਹਾਂ]

ਹੇਠਾਂ ਪੂਰੇ ਦੋ ਸ਼ਬਦ ਦਿਤੇ ਗਏ ਹਨ, ਜਿਨ੍ਹਾਂ ਵਿਚਲੇ ਪੁੱਠੇ ਕਾਮਿਆਂ ਵਾਲੇ 'ੀਆ' ਅੰਤ ਵਾਲੇ ਸ਼ਬਦ ਸਾਰੇ ਹੀ ਬਿੰਦੋ ਰਹਿਤ ਉਚਾਰੇ ਜਾਂਦੇ ਹਨ, ਹਾਲਾਂ ਕਿ ਦੂਜੇ ਸ਼ਬਦ ਵਿਚਲੇ ਦੋ ਤਿੰਨ ਸ਼ਬਦ ਬਹੁ-ਵਚਨ ਦਿਸ ਰਹੇ ਹਨ, ਪਰ ਉਚਾਰਨ ਉਨ੍ਹਾਂ ਦਾ ਵੀ ਨਾਸਕੀ ਨਹੀਂ ਹੈ, ਜਿਹਾ ਕਿ ਪਿਛੇ ਦਸਿਆ ਜਾ ਚੁਕਿਆ ਹੈ।

(੧) ਖੋਜਤ ਫਿਰੇ ਅਸੰਖ ਅੰਤੁ ਨ 'ਪਾਰੀਆ' ॥ ਸੇਈ ਹੋਏ ਭਗਤ ਜਿਨਾ 'ਕਿਰਪਾਰੀਆ' ॥੧॥
ਹਉ 'ਵਾਰੀਆ' ਹਰਿ 'ਵਾਰੀਆ' ॥੧॥ਰਹਾਉ॥
ਸੁਣਿ ਸੁਣਿ ਪੰਥ ਡਰਾਉ ਬਹੁਤੁ 'ਭੈਹਾਰੀਆ' ॥ ਮੈ ਤਕੀ ਓਟ ਸੰਤਾਹ ਲੇਹੁ 'ਉਬਾਰੀਆ' ॥੨॥
ਮੋਹਨ ਲਾਲ ਅਨੂਪ ਸਰਬ 'ਸਾਧਾਰੀਆ' ॥ ਗੁਰ ਨਿਵਿ ਨਿਵਿ ਲਾਗਉ ਪਾਇ ਦੇਹੁ 'ਦਿਖਾਰੀਆ' ॥੩॥
ਮੈ ਕੀਏ ਮਿਤ੍ਰ ਅਨੇਕ ਇਕਸੁ 'ਬਲਿਹਾਰੀਆ' ॥ ਸਭ ਗੁਣ ਕਿਸ ਹੀ ਨਾਹਿ ਹਰਿ ਪੂਰ 'ਭੰਡਾਰੀਆ' ॥੪॥
ਚਹੁ ਦਿਸਿ ਜਪੀਐ ਨਾਉ ਸੂਖਿ 'ਸਵਾਰੀਆ' ॥ ਮੈ ਆਹੀ ਓੜਿ ਤੁਹਾਰਿ ਨਾਨਕ 'ਬਲਿਹਾਰੀਆ' ॥੫॥
ਗੁਰਿ ਕਾਢਿਓ ਭੁਜਾ ਪਸਾਰਿ ਮੋਹ 'ਕੂਪਾਰੀਆ' ॥ ਮੈ ਜੀਤਿਓ ਜਨਮੁ ਅਪਾਰੁ ਬਹੁਰਿ ਨ 'ਹਾਰੀਆ' ॥੬॥
ਮੈ ਪਾਇਓ ਸਰਬ ਨਿਧਾਨੁ ਅਕਥੁ 'ਕਥਾਰੀਆ' ॥ ਹਰਿ ਦਰਗਹ ਸੋਭਾਵੰਤ ਬਾਹ 'ਲੁਡਾਰੀਆ' ॥੭॥
ਜਨ ਨਾਨਕ ਲਧਾ ਰਤਨੁ ਅਮੋਲੁ 'ਅਪਾਰੀਆ' ॥ ਗੁਰ ਸੇਵਾ ਭਉਜਲੁ ਤਰੀਐ ਕਹੁ 'ਪੁਕਾਰੀਆ' ॥੮॥੧੨॥
[ਗਉੜੀ ਮਾਝ ਮਹਲਾ ੫, ਪੰਨਾ ੨੪੦-੪੧

(੨) ਪਾਵਤੁ 'ਰਲੀਆ' ਜੋਬਨਿ 'ਬਲੀਆ' ॥ ਨਾਮ ਬਿਨਾ ਮਾਟੀ ਸੰਗਿ 'ਰਲੀਆ' ॥੧॥
ਕਾਨ 'ਕੁੰਡਲੀਆ' ਬਸਤ੍ਰ 'ਓਢਲੀਆ' ॥ ਸੇਜ 'ਸੁਖਲੀਆ' ਮਨਿ 'ਗਰਬਲੀਆ' ॥੧॥ਰਹਾਉ॥
ਤਲੈ 'ਕੁੰਚਰੀਆ' ਸਿਰਿ ਕਨਿਕ 'ਛਤਰੀਆ' ॥ ਹਰਿ ਭਗਤਿ ਬਿਨਾ ਲੇ ਧਰਨਿ 'ਗਡਰੀਆ' ॥੨॥
ਰੂਪ 'ਸੁੰਦਰੀਆ' ਅਨਿਕ ਇਸਤਰੀਆ' ॥ ਹਰਿ ਰਸ ਬਿਨੁ ਸਭਿ ਸੁਆਦ 'ਫਿਕਰੀਆ' ॥੩॥
ਮਾਇਆ 'ਛਲੀਆ' ਬਿਕਾਰ 'ਬਿਖਲੀਆ' ॥ ਸਰਣਿ ਨਾਨਕ ਪ੍ਰਭ ਪੁਰਖ 'ਦਇਅਲੀਆ' ॥੪॥੪॥੫੫॥
[ਆਸਾ ਮਹਲਾ ੫, ਪੰਨਾ ੩੮੫

ਆਉਂਦੀ ਕਿਸ਼ਤ ਵਿਚ ਅਸੀਂ 'ੀਆ' ਚਿੰਨ੍ਹ ਵਾਲੇ ਸ਼ਬਦਾਂ ਦੀਆਂ ਉਹ ਤੁਕਾਂ ਵੇਖਾਂਗੇ, ਜਿਨ੍ਹਾਂ ਦਾ ਉਚਾਰਨ ਨਾਸਕੀ ਹੈ ਅਤੇ ਉਹ ਸ਼ਬਦ ਬਹੁ-ਵਚਨ ਭਾਵ ਵਾਲੇ ਹਨ।


## ਜੀਵਨ-ਚਰਿਤਰ ਭਾ: ਸ੍ਰਾ: ਰਣਧੀਰ ਸਿੰਘ ਜੀ

੧. ਇਸ ਪੁਸਤਕ ਵਿਚ ਭਾਈ ਸਾਹਿਬ ਦਾ ਪੂਰਨ ਜੀਵਨ ਅਤੇ ਜੇਲ੍ਹਾਂ ਦੇ ਭਿਆਨਕ ਕਸ਼ਟਾਂ ਦੇ ਸਮਾਚਾਰ ਦਿਤੇ ਹੋਏ ਹਨ।
੨. ਕੀਰਤਨ-ਸਮਾਗਮਾਂ ਵਿਚ ਵਰਤਦੇ ਅਨੂਪਮ ਰੰਗਾਂ ਦੇ ਝਲਕਾਰੇ ਦਰਸਾਉਣ ਦੇ ਜਤਨ ਕੀਤੇ ਗਏ ਹਨ।
੩. ਭਾਈ ਸਾਹਿਬ ਦੇ ਨਿਕਟਵਰਤੀਆਂ ਤੇ ਪ੍ਰੀਤਵਾਨਾਂ ਦੇ ਪ੍ਰੀਤ-ਪਿਆਰ ਭਰੇ ਕਈ ਸਮਾਚਾਰ ਵੀ ਪੁਸਤਕ ਦਾ ਸ਼ਿੰਗਾਰ ਬਣੇ ਹਨ।
੪. ਅੰਤ ਵਿਚ ਤੱਤ ਗੁਰਮਤੀ ਕੀਮਤਾਂ-ਕਦਰਾਂ ਨੂੰ ਉਜਾਗਰ ਕਰਨ ਵਾਲੇ ਚਾਰ ਦੁਰਲਭ ਟਰੈਕਟ ਦਿਤੇ ਗਏ ਹਨ।

ਕਈ ਵਾਧਿਆਂ ਸਮੇਤ ੧੦ ਚਿਤਰ, ਪੰਨੇ ੨੭੨, ਸੁੰਦਰ ਦੱਖ, ਭੇਟਾ ਕੇਵਲ ਸਤ ਰੁਪਏ


www.AKJ.Org

# ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ (੩)

[ਲੜੀ ਜੋੜਨ ਲਈ ਵੇਖੋ 'ਸੂਰਾ' ਮਾਰਚ ੧੯੮੮]

[ਵਲੋਂ—ਸ: ਨਰੈਣ ਸਿੰਘ ਜੀ ਐਮ. ਏ., ਸਾਬਕਾ ਮੈਨੇਜਰ ਨਨਕਾਣਾ ਸਾਹਿਬ ਐਸਟੇਟ, ਪਟਿਆਲਾ]

**'ਅਕਾਲੀ ਦਲ ਖਰਾ ਸੌਦਾ ਬਾਰ' ਦੀ ਚੜ੍ਹਾਈ—**

ਸਵੇਰੇ ਹੀ ਭਾਈ ਸੁੱਚਾ ਸਿੰਘ ਜੈਦ ਚਕ ਵਾਲਿਆਂ ਨੂੰ ਹਾਲਾਤ ਦਾ ਪਤਾ ਕਰਨ ਮੰਡੀ ਘਲਿਆ ਗਿਆ। ਇਹ ਐਤਵਾਰ ਦਾ ਦਿਨ ਸੀ। ੧੧ ਵਜੇ ਨਾਲ ਜਥੇ ਲਈ ਲੰਗਰ ਵਿਚ ਪ੍ਰਸ਼ਾਦੇ ਤਿਆਰ ਹੋ ਰਹੇ ਸਨ ਕਿ ਭਾਈ ਧਰਮ ਸਿੰਘ ਆੜ੍ਹਤੀ ਨੂੰ ਝੱਬਰ ਨੇ ਆਉਂਦਿਆਂ ਵੇਖਿਆ, ਤਾਂ ਸੋਚਿਆ ਕਿ ਧਰਮ ਸਿੰਘ ਦੇ ਰਾਸ ਉਡੇ ਹੋਏ ਸਨ, ਖ਼ੈਰ ਨਹੀਂ। ਧਰਮ ਸਿੰਘ ਨੇ ਆ ਕੇ ਕਿਹਾ ਕਿ ਇਹ ਤਾਰ ਨਨਕਾਣੇ ਸਾਹਿਬ ਤੋਂ ਆਈ ਹੈ। ਤਾਰ ਧਰਮ ਸਿੰਘ ਨੇ ਪੜ੍ਹ ਕੇ ਸੁਣਾਈ। ਤਾਰ ਦੇ ਅਖਰ ਇਹ ਸਨ: "ਭਾਈ ਦਲੀਪ ਸਿੰਘ ਲਛਮਣ ਸਿੰਘ ਕਤਲ ਹੋ ਗਏ ਹਨ। ਮਹੰਤ ਸਿਖਾਂ ਨੂੰ ਮਿੱਟੀ ਦਾ ਤੇਲ ਪਾ ਪਾ ਕੇ ਜ਼ਿੰਦਾ ਸਾੜ ਰਿਹਾ ਹੈ। ਅਸੀਂ ਘੇਰੇ ਵਿਚ ਹਾਂ, ਤੁਸੀਂ ਛੇਤੀ ਪੁਜੋ।" ਇਹ ਤਾਰ ਝੱਬਰ ਦੇ ਨਾਮ ਸੀ। ਤਾਰ ਸੁਣਦੇ ਸਾਰ ਲੰਗਰ ਦੇ ਪ੍ਰਸ਼ਾਦੇ ਵਿਚੇ ਰਹੇ। ਝੱਬਰ ਨੇ ਕਿਹਾ, 'ਖਾਲਸ਼ਾ ਜੀ ਉਠੋ।' ਗੁਰਦਵਾਰੇ ਦੇ ਸਾਹਮਣੇ ਇਹ ਸਾਰੇ, ਜੋ ੮੦–੯੦ ਦੇ ਕਰੀਬ ਸਨ, ਖਲੋ ਗਏ। ਝੱਬਰ ਨੇ ਅਰਦਾਸਾ ਸੋਧਿਆ, "ਸਚੇ ਪਾਤਸ਼ਾਹ! ਸਾਡੇ ਭਾਈ ਗੁਰਦਵਾਰਾ ਜਨਮ ਅਸਥਾਨ ਨੂੰ ਅਜ਼ਾਦ ਕਰਾਉਣ ਗਏ ਸ਼ਹੀਦ ਹੋ ਗਏ ਹਨ। ਹੁਣ ਇਹ ਤੇਰੇ ਟਹਿਲੀਏ ਨਨਕਾਣੇ ਸਾਹਿਬ ਤੇ ਕਬਜ਼ਾ ਕਰਨ ਲਈ ਕਮਰ-ਕਸੇ ਕਰਦੇ ਹਨ। ਅੰਗ ਸੰਗ ਹੋ ਕੇ ਫ਼ਤਹ ਬਖਸ਼ਣੀ। ਜੇ ਅਸੀਂ ਕਬਜ਼ਾ ਨਾ ਲੈ ਸਕੀਏ ਤਾਂ ਅਸੀਂ ਸਨਮੁਖ ਹੋ ਕੇ ਸ਼ਹੀਦ ਹੋ ਜਾਈਏ।" ਅਰਦਾਸਾ ਕਰ ਕੇ, ਬੈਠ ਕੇ ਮੀਟਿੰਗ ਹੋਈ ਤੇ ਪ੍ਰੋਗਰਾਮ ਬਣਾਇਆ ਗਿਆ। ਇਸ ਵੇਲੇ ਗੁਰਦਵਾਰੇ ਵਿਚ ੯ ਘੋੜੀਆਂ ਮੌਜੂਦ ਸਨ। ਫ਼ੈਸਲਾ ਹੋਇਆ ਕਿ ਨੌਂ ਸਵਾਰ ਤੇ ਬਾਕੀ ਪੈਦਲ ਜਾ ਕੇ ਪਿੰਡਾਂ ਵਿਚ ਡੌਂਡੀਆਂ ਪਿਟਵਾਣ। ਡੌਂਡੀ ਦੇ ਅਖਰ ਇਹ ਹੋਣ, "ਨਨਕਾਣੇ ਸਾਹਿਬ ਵਿਚ ਮਹੰਤ ਨੇ ਬੜੇ ਸਿਖ ਕਤਲ ਕਰ ਦਿਤੇ ਹਨ। ਜੋ ਕੋਈ ਗੁਰੂ ਕਾ ਸਿਖ ਹੈ, ਤਿਆਰ ਬਰ ਤਿਆਰ ਹੋ ਕੇ ਪਿੰਡ ਦਾ ਜਥਾ ਬਣਾ ਕੇ ਚੰਦਰਕੋਟ ਦੀ ਝਾਲ ਤੇ ਰਾਤੋ ਰਾਤ ਪੁਜੇ। ਖ਼ਾਲੀ ਹੱਥ ਨਹੀਂ ਆਉਣਾ।" ੪੦ ਕੁ ਆਦਮੀ ਸਵਾਰ ਤੇ ਪੈਦਲ ਸੱਚੇ ਸੌਦੇ ਦੇ ਚੜ੍ਹਦੇ ਲਹਿੰਦੇ ਦਖਣ ਪਹਾੜ ਦੇ ਪਿੰਡਾਂ ਵਿਚ ਪੁਜੇ। ਚੂਹੜਕਾਣੇ ਦੇ ਸ਼ੇਖ ਨੂੰ ਅਠ ਆਨੇ ਦੇ ਕੇ ਡੌਂਡੀ ਪਿਟਵਾਈ ਗਈ। ੪੨ ਸਿੰਘਾਂ ਦਾ ਜਥਾ ਗੰਗੇਰਾ ਨਹਿਰ ਦੀ ਪਟੜੀ ਪੈ ਕੇ ਪੈਦਲ ਚਲ ਪਿਆ। ਝੱਬਰ ਢਿਲਵਾਂ ਦੇ ਪੁਲ ਤੋਂ ਚੜ੍ਹਦੀ ਪਟੜੀ ਪੈ ਕੇ ਬੁਟਰੀਂ ਪੁੱਜਾ ਤੇ ਇਥੋਂ ਸਿੰਘਾਂ ਨੂੰ ਲੈ ਕੇ ਬੰਗਲੇ ਫ਼ੀਰੋਜ਼ ਪਾਸ ਜਥੇ ਨੂੰ ਜਾ ਮਿਲਿਆ।

ਬਾਬਾ ਸ਼ੇਰ ਸਿੰਘ ਜੀ, ਜਿਸ ਦੀ ੭੦ ਬਰਸ ਦੀ ਉਮਰ ਸੀ, ਸਚੇ ਸੌਦੇ ਤੋਂ ਪੈਦਲ ਦੌੜ ਕੇ ਝੀਂਡੇ ਬਾਹੜ ਅਤੇ ਉਥੋਂ ਆਪਣੇ ਪਿੰਡ ਲਾਗਰਾਂ ਤੋਂ ਹੋ ਕੇ ਫਿਰ ਹੰਬੋ ਤੇ ਭਿਖੀ ਖ਼ਬਰ ਦੇ ਕੇ ਜਥੇ ਨੂੰ ਖੋਤੀਵਾੜੇ ਵਾਲੀ ਝਾਲ ਤੇ ੨੬ ਮੀਲ ਦਾ ਪੈਂਡਾ ਕਟ ਕੇ ਆ ਮਿਲਿਆ। ਇਹ ਸਾਰੇ ਜਥੇ ਚੰਦਰਕੋਟ ਝਾਲ ਤੇ ਪੁਜ ਗਏ।

੨੦ ਫ਼ਰਵਰੀ ਰਾਤ ਦੇ ੧੧ ਵਜੇ ਤਕ ਝਾਲ ਚੰਦਰਕੋਟ ਤੇ ੧੫੦੦ ਸਿੰਘ ਇਕੱਠੇ ਹੋ ਗਏ ਸਨ। ਇਨ੍ਹਾਂ ਨੇ ਵਿਚਾਰ ਕੀਤੀ ਕਿ ਜਥਾ ਏਥੇ ਦਿਨ ਚੜ੍ਹਦੇ ਤਕ ਠਹਿਰੇ, ਪਰ ਰਾਤ ਨੂੰ ਆਲੇ ਦੁਆਲੇ ਪਹਿਰਾ ਲਾ ਦਿਤਾ ਜਾਵੇ। ੨੦ ਸਿੰਘਾਂ ਦਾ ਪਹਿਰਾ ਲਾ ਦਿਤਾ ਗਿਆ। ਥੱਕੇ ਹੋਏ ਕਈ ਸਿੰਘ ਸੌਂ ਗਏ। ੧ ਘੰਟੇ ਬਾਅਦ ਝੱਬਰ ਨੂੰ ਪਹਿਰੇ ਵਾਲੇ ਸਿੰਘ ਨੇ ਉਠਾਇਆ ਤੇ ਆਖਿਆ ਕਿ ਚੂਹੜਕਾਣੇ ਵਲੋਂ ਇਕ ਲਾਲਟੈਨ ਬੜੀ ਤੇਜ਼ੀ ਨਾਲ ਸਾਡੇ ਵਲ ਆ ਰਹੀ ਹੈ। ਝੱਬਰ ਨੇ ਉਠ ਕੇ ਵੇਖਿਆ ਤੇ ਕਿਹਾ ਕਿ ਇਹ ਤਾਂ ਮੋਟਰ ਹੈ। ਖਾਲਸਾ ਜੀ, ਜਾਗੋ, ਇਹ ਮੋਟਰ ਲੰਘ ਨਾ ਜਾਏ, ਕਿਉਂਕਿ ਇਹ ਜਾਂ ਸਾਡੇ ਆਦਮੀ ਹਨ ਜਾਂ ਮਹੰਤਾਂ ਦੇ। ਜੇ ਸਾਡੇ ਹਨ ਤਾਂ ਭੀ ਰੋਕਣਾ ਚਾਹੀਦਾ ਹੈ ਅਤੇ ਜੇਕਰ ਮਹੰਤਾਂ ਦੀ ਮੋਟਰ ਹੋਵੇ ਤਾਂ ਭੀ ਰੋਕਣਾ ਅਤਿ ਜ਼ਰੂਰੀ ਹੈ। ਪਤਾ ਕੀਤਾ ਜਾਏ ਕਿ ਇਹ ਕੌਣ ਤੇ ਕਿਸ ਨੀਯਤ ਤੇ ਹਨ। ਪਟੜੀ ਦੇ ਲਹਿੰਦੇ ਤੇ ਚੜ੍ਹਦੇ ਪੰਝੀ ਪੰਝੀ ਸਿੰਘ ਖੜੇ ਕਰ ਦਿਤੇ ਤੇ ਉਨ੍ਹਾਂ ਨੂੰ ਸਮਝਾਇਆ ਗਿਆ



www.AKJ.Org

ਕਿ ਤੁਸਾਂ ਰੌਲਾ ਪਾਣਾ, 'ਮੋਟਰ ਖੜੀ ਕਰੋ, ਖੜੀ ਕਰੋ'। ਕਹਿਣਾ ਕੁਝ ਨਹੀਂ। ਪੰਜਾਹ ਸਿੰਘ ਹੋਰ ਦੂਰ ਤਕ ਦੋਹੀਂ ਪਾਸੀਂ ਦੋ ਕਤਾਰਾਂ ਵਿਚ ਖਲ੍ਹਾਰ ਦਿਤੇ ਤੇ ਸਮਝਾਇਆ ਕਿ ਮੋਟਰ ਆਵੇ ਤਾਂ ਆਖਣਾ, 'ਖੜੀ ਕਰੋ, ਖੜੀ ਕਰੋ'। ਜੇ ਅੱਧ ਤਕ ਆਣ ਤੇ ਮੋਟਰ ਵਾਲੇ ਨਾ ਖਲ੍ਹਾਰਨ ਤਾਂ ਛਵ੍ਹੀਆਂ ਮਾਰ ਕੇ ਹੇਠੋਂ ਪਹੀਏ ਵਢ ਦਿਉ। ਮੋਟਰ ਆ ਗਈ। ਸਿੰਘਾਂ ਲਲਕਾਰਾ ਮਾਰਿਆ, 'ਮੋਟਰ ਖੜੀ ਕਰੋ, ਖੜੀ ਕਰੋ।' ਉਹ ਖੜੀ ਹੋ ਗਈ। ਵੇਖਿਆ ਤਾਂ ਵਿਚ ਮਹੰਤ ਦੇਵਾ ਦਾਸ ਨਰੈਣ ਦਾਸ ਦਾ ਚਾਚਾ ਗੁਰੂ ਤੇ ਹੋਰ ੪ ਆਦਮੀ ਬੈਠੇ ਹਨ। ਸਿੰਘ ਕਚੀਚੀਆਂ ਲੈ ਲੈ ਪੈਣ, ਪਰ ਝੱਬਰ ਨੇ ਕਿਹਾ, "ਖਾਲਸਾ ਜੀ, ਇਨ੍ਹਾਂ ਨੂੰ ਮਾਰਨਾ ਸਾਡੀ ਕੋਈ ਬਹਾਦਰੀ ਨਹੀਂ। ਇਨ੍ਹਾਂ ਨੂੰ ਮਾਰਨ ਨਾਲ ਸਾਡਾ ਵੈਰ ਪੂਰਾ ਨਹੀਂ ਹੁੰਦਾ। ਇਨ੍ਹਾਂ ਨੂੰ ਕੁਝ ਨਹੀਂ ਆਖਣਾ।" ਹਫੜਾ-ਦਫੜੀ ਵਿਚ ਇਨ੍ਹਾਂ ਵਿਚੋਂ ਇਕ ਨਹਿਰ ਵਲ ਨੂੰ, ਜੋ ਸੁੱਕੀ ਸੀ, ਨਿਕਲ ਗਿਆ। ਬਾਕੀ ਚਾਰਾਂ ਵਿਚ ਦੇਵਾ ਦਾਸ, ਰਲਾ ਰਾਮ, ਜੋ ਮਹੰਤ ਕਿਸ਼ਨ ਦਾਸ ਦਾ ਭਤੀਜਾ ਸੀ ਤੇ ਅਰਜਨ ਦਾਸ ਥੰਮਣ ਵਾਲਾ ਸਨ, ਇਨ੍ਹਾਂ ਦੀਆਂ ਤਲਾਸ਼ੀਆਂ ਲੈ ਕੇ ਮੁਸ਼ਕਾਂ ਬੰਨ੍ਹ ਕੇ ਪਹਿਰਾ ਲਾ ਦਿਤਾ ਗਿਆ। ਥੋੜੀ ਦੇਰ ਪਿਛੋਂ ਝੱਬਰ ਨੇ ਆਖਿਆ, ਇਕ ਆਦਮੀ ਵਿਚੋਂ ਨਸ ਗਿਆ ਹੈ ਤੇ ਨਨਕਾਣੇ ਸਾਹਿਬ ਦੇ ਪਿੰਡ ਕੋਟ ਦਰਬਾਰ ਆਦਿਕ ਨੇੜੇ ਹਨ। ਕਿਤੇ ਕਾਤਲਾਂ ਨੂੰ ਲੈ ਕੇ ਆਪਣੇ ਸਾਥੀਆਂ ਨੂੰ ਛੁਡਾਣ ਲਈ ਬੰਦੂਕਾਂ ਲੈ ਕੇ ਨਾ ਆ ਜਾਵਣ ਅਤੇ ਦੇਵਾ ਦਾਸ ਨੂੰ ਛੁਡਾ ਕੇ ਨਾ ਲੈ ਜਾਣ। ਦੇਵਾ ਦਾਸ ਨੂੰ ੨੦ ਸਿੰਘਾਂ ਦੇ ਸਪੁਰਦ ਕੀਤਾ ਗਿਆ ਤੇ ਕਿਹਾ ਕਿ ਇਸ ਨੂੰ ਝਾਲ ਤੋਂ ਦੋ ਮੁਰੱਬੇ ਮੋਕਲਾ ਲੈ ਜਾਵੋ। ਉਚੀ ਨਹੀਂ ਬੋਲਣਾ, ਚੁਪ ਚਾਪ ਬੈਠਣਾ। ਸਿੰਘ ਦੇਵਾ ਦਾਸ ਨੂੰ ਦੂਰ ਲੈ ਗਏ ਤੇ ਇਕ ਵਣ ਹੇਠ ਲੈ ਜਾ ਬਿਠਾਇਆ। ਕੋਲ ਮਨਛਿਟੀਆਂ ਪਈਆਂ ਸਨ, ਅੱਗ ਬਾਲ ਕੇ ਸੇਕਣ ਲਗੇ। ਦੇਵਾ ਦਾਸ ਨੇ ਸਮਝਿਆ ਕਿ ਸਿੰਘ ਮੈਨੂੰ ਸਾੜਨ ਲਗੇ ਹਨ। ਇਸ ਦਾ ਟਟੀ ਪਿਸ਼ਾਬ ਨਿਕਲ ਗਿਆ। ਇਸ ਨੇ ਹੱਥ ਬੰਨ੍ਹ ਕੇ ਕਿਹਾ ਕਿ ਮੈਨੂੰ ਮਾਰੋ ਨਾ, ਮੈਨੂੰ ਜਥੇਦਾਰ ਪਾਸ ਲੈ ਚਲੋ, ਮੈਂ ਜਥੇਦਾਰ ਸਾਹਿਬ ਨੂੰ ੮ ਲੱਖ ਰੁਪਿਆ ਦਸਦਾ ਹਾਂ। ਤਾਂ ਭਾਈ ਗੁਰਦਿਤ ਸਿੰਘ ਬੁਟਰਾਂ ਵਾਲਾ ਝੱਬਰ ਪਾਸ ਆਇਆ ਤੇ ਦਸਿਆ ਕਿ ਮਹੰਤ ਦੇਵਾ ਦਾਸ ੮ ਲੱਖ ਰੁਪਿਆ ਦਸਦਾ ਹੈ। ਝੱਬਰ ਨੇ ਉਤਰ ਦਿਤਾ ਕਿ ਜਾ ਕੇ ਦੇਵਾ ਦਾਸ ਨੂੰ ਤਸੱਲੀ ਦੇ ਦਿਉ ਕਿ ਤੈਨੂੰ ਕੋਈ ਕੁਝ ਨਹੀਂ ਆਖਦਾ। ਸਾਨੂੰ ਇਸ ਵੇਲੇ ਰੁਪਏ ਦੀ ਕੋਈ ਲੋੜ ਨਹੀਂ। ਮੋਟਰ ਵਿਚ ਪੰਜ ਸਿੰਘ ਬਿਠਾ ਦਿਤੇ, ਜਿਨ੍ਹਾਂ ਨੇ ਪਹਿਲਾਂ ਤਾਂ ਮੋਟਰ ਲੈ ਕੇ ਪਿਛਾਂਹ ਪਟੜੀ ਤੇ ਬੰਗਲੇ ਫ਼ੀਰੋਜ਼ ਤਕ ਫੇਰਾ ਮਾਰਿਆ, ਪਰ ਭਿਖੀ ਦਾ ਜਥਾ ਨਾ ਮਿਲਿਆ। ਫਿਰ ਇਹ ਸਿੰਘ ਭਾਈ ਅਨੋਖ ਸਿੰਘ, ਅਰਜਨ ਸਿੰਘ, ਸੁਰੈਣ ਸਿੰਘ, ਸੁਦਾਗਰ ਸਿੰਘ ਜੜ੍ਹਾਂਵਾਲੇ, ਜਿਥੇ ਬਹੁਤ ਸਿੰਘ ਇਕੱਠੇ ਹੋਏ ਹੋਏ ਸਨ, ਨੂੰ ਖ਼ਬਰ ਕਰਨ ਗਏ ਕਿ ਉਹ ਭੀ ਚੰਦਰਕੋਟ ਪੁਜ ਜਾਣ, ਜੜ੍ਹਾਂਵਾਲੇ ਦੇ ਰਸਤੇ ਵਿਚ ੫ ਚਕ ਦੇ ਪੁਲ ਤੇ ਇਕ ਸਿੰਘ ਉਤਰ ਗਿਆ। ਮੋਟਰ ਜੜ੍ਹਾਂਵਾਲੇ ਪੁਜੀ। ਅਜੇ ਹਨੇਰਾ ਹੀ ਸੀ। ਸਿੰਘ ਸ਼ਹਿਰ ਵਿਚ ਗਏ ਅਤੇ ਕਈ ਸਿੰਘਾਂ ਨੂੰ ਖ਼ਬਰ ਕੀਤੀ ਕਿ ਸਾਡਾ ਜਥਾ ਝਾਲ ਚੰਦਰਕੋਟ ਤੇ ਇਕੱਠਾ ਹੋਇਆ ਹੈ, ਤੁਸੀਂ ਭੀ ਆਉ। ਮੁੜ ਕੇ ਮੋਟਰ ਕੋਲ ਆਏ ਤਾਂ ਅਗੇ ਪੁਲੀਸ ਕੋਲ ਖਲੋਤੀ ਸੀ। ਸਿੰਘਾਂ ਨੇ ਮੋਟਰ ਉਥੇ ਛਡੀ ਤੇ ਹਿੰਮਤ ਕਰ ਕੇ ਪੈਦਲ ਹੀ ਆਪਣੇ ਜਥੇ ਨੂੰ ਆਣ ਮਿਲੇ।

੨੧ ਫ਼ਰਵਰੀ ੧੯੨੧ ਨੂੰ ਸ਼ੇਖੂਪੁਰੇ ਤੋਂ ਸ: ਬੂਟਾ ਸਿੰਘ ਜੀ, ਸ: ਪ੍ਰੀਤਮ ਸਿੰਘ ਆਦਿ ਸਾਰੇ ਸਿਖ ਵਕੀਲ, ਨਾਲ ਕੁਝ ਸਿੰਘਣੀਆਂ ਭੀ ਟਾਂਗਿਆਂ ਤੇ ੧੨ ਵਜੇ ਦੇ ਕਰੀਬ ਝਾਲ ਚੰਦਰਕੋਟ ਪੁਜ ਗਏ ਸਨ। ਬਾਬਾ ਕੇਹਰ ਸਿੰਘ ਪਟੀ, ਸ: ਤੇਜਾ ਸਿੰਘ ਜੀ ਸਮੁੰਦਰੀ ਅਤੇ ਮਾਸਟਰ ਤਾਰਾ ਸਿੰਘ ਜੀ ਤਿੰਨੇ ਸਜਨ ਭੀ ਸ੍ਰੀ ਅੰਮ੍ਰਿਤਸਰ ਤੋਂ ਗੱਡੀ ਚੜ੍ਹ ਕੇ ਸਾਂਗਲੇ ਉਤਰ ਕੇ ਸ਼ਾਹਕੋਟ ਤਕ ਟਾਂਗੇ ਉਤੇ ਅਗੋਂ ਪੈਦਲ ਹੀ ਚੰਦਰਕੋਟ ਝਾਲ ਤੇ ਪੁਜ ਗਏ ਸਨ। ਸਾਹੋਵਾਲੇ ਤੋਂ ਭਾਈ ਦਲੀਪ ਸਿੰਘ ਦੀ ਬਰਾਦਰੀ ਦੇ ਸਿੰਘ ਤੇ ਉਨ੍ਹਾਂ ਦੀ ਭੈਣ ਭਗਵਾਨ ਕੌਰ ਭੀ ਝਾਲ ਚੰਦਰਕੋਟ ਤੇ ਆਣ ਮਿਲੇ। ਕੋਟਵਾਰ ਤੇ ਮਾਨਾਂਵਾਲਾ ਦੇ ਸਿੰਘਾਂ ਨੇ ਜਥੇ ਦੀ ਸੇਵਾ ਪ੍ਰਸ਼ਾਦੇ ਤੇ ਭੁੰਨੇ ਹੋਏ ਛੋਲਿਆਂ ਦੇ ਦਾਣੇ ਲਿਆ ਕੇ ਕੀਤੀ। ੨ ਵਜ ਗਏ, ਹੁਣ ਜਥੇ ਦੀ ਤਿਆਰੀ ਹੋਈ। ਦੇਵਾ ਦਾਸ ਹੋਰੀਂ ਪਕੜੇ ਹੋਏ ਸਾਧ ਮੁਸ਼ਕਾਂ ਬੰਨ੍ਹੀਆਂ ਲਾਗਰਾਂ ਵਾਲੇ ਜਥੇ ਦੇ ਸਪੁਰਦ ਕੀਤੇ ਗਏ, ਤੇ ਜਥਾ ਅਗੇ ਟੁਰ ਪਿਆ। ਝਾਲ ਚੰਦਰਕੋਟ ਤੋਂ ਸਵੇਰੇ ਇਕ ਸਵਾਰ ਨਨਕਾਣੇ ਸਾਹਿਬ ਦੇ ਹਾਲਾਤ ਦਾ ਪਤਾ ਕਰਨ ਲਈ ਘਲਿਆ ਗਿਆ ਹੋਇਆ ਸੀ, ਜੋ ੧੦ ਵਜੇ ਨੂੰ



www.AKJ.Org

ਮੁੜ ਕੇ ਆਇਆ ਤੇ ਉਸ ਨੇ ਦਸਿਆ ਕਿ ਮਹੰਤ ਨੂੰ ਰਾਤ ਗ੍ਰਿਫ਼ਤਾਰ ਕਰ ਕੇ ਸਮੇਤ ਪਠਾਣਾਂ ਤੇ ਕਈ ਹੋਰ ਆਦਮੀਆਂ ਦੇ ਪੁਲੀਸ ਲਾਹੌਰ ਲੈ ਗਈ ਹੈ। ਗੁਰਦੁਆਰੇ ਤੇ ਸਰਕਾਰੀ ਕਬਜ਼ਾ ਹੋ ਚੁਕਾ ਹੈ। ਜੰਦਰੇ ਵਜੇ ਹੋਏ ਹਨ ਅਤੇ ਇਕ ਅੰਗਰੇਜ਼ ਜਰਨੈਲ ਦੇ ਮਾਤਹਿਤ ੧੫੦ ਗੋਰਾ ਫ਼ੋਜੀਆਂ ਦਾ ਪਹਿਰਾ ਗੁਰਦੁਆਰੇ ਤੇ ਲਗਾ ਹੋਇਆ ਹੈ।

ਖਿਪ-ਵਾਲਾ ਨਨਕਾਣੇ ਸਾਹਿਬ ਦੇ ਮੁਜਾਰਿਆਂ ਦੀ ਇਕ ਪੁਰਾਣੀ ਬਸਤੀ ਹੈ। ਏਥੇ ਪੁਜੇ ਤਾਂ ਖੂਹ ਵਗਦਾ ਸੀ, ਲੋਕਾਂ ਨੂੰ ਪਿਆਸ ਲਗੀ ਹੋਈ ਸੀ, ਪਾਣੀ ਪੀਤਾ। ੪ ਵਜ ਚੁਕੇ ਸਨ। ਇਸ ਬਸਤੀ ਤੋਂ ਸਿਧੀ ਸੜਕ ਚੜ੍ਹਦੇ ਰੁਖ਼ ਨੂੰ ਕਿਆਰਾ ਸਾਹਿਬ ਵਲ ਜਾਂਦੀ ਹੈ। ਏਥੇ ਸਾਰੀ ਸੰਗਤ, ਜੋ ਚਾਰ ਪੰਜ ਹਜ਼ਾਰ ਦੇ ਕਰੀਬ ਸੀ, ਸਭ ਨੂੰ ਖੜੇ ਕਰ ਕੇ ਝੱਬਰ ਨੇ ਆਖਿਆ, "ਤੁਸੀਂ ਸਾਰੇ ਇਸ ਸੜਕੇ ਪੈ ਕੇ ਗੁਰਦਵਾਰਾ ਕਿਆਰਾ ਸਾਹਿਬ ਨੂੰ ਜਾਵੋ।" ਅਤੇ ਆਪਣੇ ਜਥੇ ਨੂੰ ਇਉਂ ਸੰਬੋਧਨ ਕੀਤਾ, "ਖਾਲਸਾ ਜੀ, ਕਲ੍ਹ ੮ ਵਜੇ ਸ਼ਾਮ ਦੇ ਕਮਿਸ਼ਨਰ ਸਾਹਿਬ ਸਮੇਤ ੧੫੦ ਗੋਰਾ ਫ਼ੋਜ ਦੇ ਅਤੇ ਨਾਲ ੬ ਸਿਖ ਲੀਡਰ ਨਨਕਾਣਾ ਸਾਹਿਬ ਪੁਜੇ ਹਨ। ਮਹੰਤ ਤੇ ਕਈ ਹੋਰ ਉਸਦੇ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਜੇਲ੍ਹ ਵਿਚ ਭੇਜ ਦਿਤਾ ਗਿਆ ਹੈ। ਗੁਰਦਵਾਰਾ ਕੁਰਕ ਕਰ ਕੇ ਦੁਆਲੇ ਗੋਰਾ ਫ਼ੋਜ ਦਾ ਪਹਿਰਾ ਲਾ ਦਿਤਾ ਗਿਆ ਹੈ। ਗੁਰਦਵਾਰੇ ਨੂੰ ਜੰਦਰੇ ਵਜੇ ਹੋਏ ਹਨ, ਤੇ ਸਾਡੇ ਸ਼ਹੀਦਾਂ ਦੀਆਂ ਲਾਸ਼ਾਂ ਪਤਾ ਨਹੀਂ ਕਿਸ ਹਾਲਤ ਵਿਚ ਅੰਦਰ ਹਨ। ਕਿਸੇ ਸਿਖ ਨੂੰ ਗੁਰਦਵਾਰੇ ਵਲ ਜਾਣ ਨਹੀਂ ਦਿੰਦੇ। ਸੜਕਾਂ ਤੇ ਸਭ ਰਸਤੇ ਬੰਦ ਹਨ। ਅਸੀਂ ਸਚੇ ਸੌਦੇ ਤੋਂ ਗੁਰਦਵਾਰੇ ਦਾ ਕਬਜ਼ਾ ਲੈਣ ਦਾ ਅਰਦਾਸਾ ਸੋਧ ਕੇ ਟੁਰੇ ਹਾਂ। ਸਾਡਾ ਜਥਾ ਇਥੋਂ ਸਿਧਾ ਗੁਰਦਵਾਰਾ ਜਨਮ ਅਸਥਾਨ ਨੂੰ ਜਾਵੇਗਾ, ਰਸਤੇ ਵਿਚ ਫ਼ੋਜ ਨੇ ਸਾਨੂੰ ਰੋਕਣਾ ਹੈ ਤੇ ਅਸਾਂ ਗੁਰਦਵਾਰੇ ਜਾਣਾ ਹੈ। ਪਤਾ ਨਹੀਂ ਓਥੇ ਪੁਜਿਆਂ ਕੀ ਨਤੀਜਾ ਨਿਕਲੇ?" ਇਕ ਲੀਕ ਕਢ ਕੇ ਝੱਬਰ ਨੇ ਉਚੀ ਕਿਹਾ, "ਜਿਨ੍ਹਾਂ ਨੇ ਫ਼ੋਜ ਦਾ ਮੁਕਾਬਲਾ ਕਰਨਾ ਹੈ ਤੇ ਜਿਨ੍ਹਾਂ ਨੂੰ ਮੌਤ ਮਨਜ਼ੂਰ ਹੈ, ਉਹ ਇਹ ਲੀਕ ਟਪਣ ਤੇ ਇਹ ਟਾਂਗੇ ਤੇ ਆਏ ਵਕੀਲ, ਬੀਬੀਆਂ ਤੇ ਹੋਰ ਸਜਨ, ਜੋ ਜਥੇ ਵਿਚ ਨਹੀਂ ਆਏ, ਉਹ ਸਿਧੇ ਕਿਆਰਾ ਸਾਹਿਬ ਦੀ ਸੜਕੇ ਪੈ ਜਾਣ।"

ਲੀਕ ਟਪਣ ਵਾਲੇ ਸਿੰਘਾਂ ਦੀ ਝਬਰ ਜੀ ਜਥੇਬੰਦੀ ਕਰ ਰਹੇ ਸਨ ਤਾਂ ਇਕ ਆਦਮੀ ਮੋਟਰ ਤੇ ਡਿਪਟੀ ਕਮਿਸ਼ਨਰ ਦਾ ਹੁਕਮ, ਜੋ ਝੱਬਰ ਦੇ ਨਾਮ ਸੀ, ਲੈ ਕੇ ਆਇਆ। ਕੋਲ ਖਲੋਤੇ ਇਕ ਸਿੰਘ ਨੂੰ ਝੱਬਰ ਨੇ ਕਿਹਾ: "ਖਾਲਸਾ ਜੀ, ਸੁਣਾਉ ਇਹ ਕੀ ਲਿਖਿਆ ਹੈ?" ਲਿਖਤ ਅੰਗਰੇਜ਼ੀ ਵਿਚ ਸੀ, ਪੜ੍ਹਨ ਵਾਲੇ ਨੇ ਸੁਣਾਇਆ ਕਿ ਤੁਹਾਡੇ ਵਲ ਲਿਖਿਆ ਹੈ ਕਿ 'ਮੈਂ ਤੈਨੂੰ ਹੁਕਮ ਦਿੰਦਾ ਹਾਂ, ਕਿ ਜਥਾ ਲੈ ਕੇ ਅਗੇ ਮਤ ਆਵੇ।' ਝੱਬਰ ਨੇ ਇਹ ਰੁਕਾ ਪਾੜ ਕੇ ਜ਼ਮੀਨ ਤੇ ਸੁਟ ਕੇ ਦਸ ਛਿਤਰ ਮਾਰੇ ਅਤੇ ਉਸ ਆਦਮੀ ਨੂੰ ਕਿਹਾ ਕਿ "ਤੂੰ ਜਾ ਕੇ ਸਾਹਿਬ ਨੂੰ ਕਹਿ ਦੇਹ, ਕਿ ਝੱਬਰ ਕਹਿੰਦਾ ਸੀ, ਮੈਂ ਜਥਾ ਲੈ ਕੇ ਆਉਂਦਾ ਪਿਆ ਹਾਂ, ਤੂੰ ਜੋ ਤਿਆਰੀ ਕਰਨੀ ਹੈ ਕਰ ਲੈ।"

ਦੋ ਦੋ ਸੌ ਦਾ ਇਕ ਇਕ ਜਥਾ ਬਣਾਇਆ ਗਿਆ, ੧੧ ਜਥੇ ਬਣੇ। ਇਨ੍ਹਾਂ ਜਥਿਆਂ ਵਿਚੋਂ ਇਕ ਇਕ ਜਥੇਦਾਰ ਚੁਣਿਆ ਗਿਆ। ੧੧ ਜਥੇਦਾਰ ਤੇ ਇਨ੍ਹਾਂ ੧੧ ਜਥੇਦਾਰਾਂ 'ਤੇ ੧੨ਵਾਂ ਜਥੇਦਾਰ ਝੱਬਰ ਚੁਣਿਆ ਗਿਆ। ਹਰ ਇਕ ਜਥੇਦਾਰ ਆਪਣੇ ਆਪਣੇ ਜਥੇ ਦੇ ਅਗੇ ਘੋੜੇ ਤੇ ਸਵਾਰ ਸੀ। ਇਸ ਤਰਤੀਬ ਨਾਲ 'ਅਕਾਲੀ ਜਥਾ ਖਰਾ ਸੌਦਾ ਬਾਰ' ਦੇ ਸ਼ੇਰਾਂ ਦਾ ਜਥਾ ਗੋਲੀਆਂ ਦਾ ਮੁਕਾਬਲਾ ਕਰਨ ਲਈ ਖਿਪਵਾਲੇ ਤੋਂ ਸਿਧਾ ਜਨਮ ਅਸਥਾਨ ਨੂੰ ਟੁਰਿਆ। ਹਰ ਇਕ ਜਥਾ ਆਪਣੇ ਜਥੇਦਾਰ ਦੇ ਪਿਛੇ ੨੫-੨੫ ਦੀ ਲਾਇਨ ਵਿਚ ਜਾ ਰਿਹਾ ਸੀ। ਸਭ ਤੋਂ ਅਗੇ ਝੱਬਰ ਘੋੜੇ ਤੇ ਸੀ। ਇਕ ਮੁਰੱਬਾ ਅਗੇ ਜਾ ਕੇ ਝੱਬਰ ਸੀਟੀ ਵਜਾਉਂਦਾ ਸੀ ਤੇ ਸਾਰਾ ਜਥਾ ਉਚੀ ਗੱਜ ਕੇ ਜੈਕਾਰਾ ਬੁਲਾਉਂਦਾ ਸੀ। ਜਦ ਜਥਾ ਖਿਪ-ਵਾਲੇ ਤੋਂ ਜਨਮ ਅਸਥਾਨ ਦੇ ਅੱਧ ਵਿਚ ਪੁਜਾ ਤਾਂ ਸ: ਬਹਾਦਰ ਮਹਿਤਾਬ ਸਿੰਘ, ਜੋ ਇਸ ਵੇਲੇ ਸਰਕਾਰੀ ਵਕੀਲ ਸਨ, ਘੋੜੇ ਤੇ ਸਵਾਰ ਜਥੇ ਨੂੰ ਅਗੋਂ ਆ ਮਿਲੇ। ਵੈਰਾਗ ਵਿਚ ਗੱਲ ਨਾ ਕਰ ਸਕਣ ਅਤੇ ਰੋਈ ਜਾਣ। ਕਹਿਣ ਲਗੇ, "ਝੱਬਰ ਜੀ, ਜਥੇ ਨੂੰ ਰੋਕ ਦਿਉ, ਅਗੇ ਨਾ ਜਾਵੇ। ਅਗੇ ਗੋਰਾ ਫ਼ੋਜ ਹੈ। ਤੇ ਤੁਸਾਡੇ ਵਾਸਤੇ ਲਾਇਨ ਤੋਂ ਪਾਰ ਮਸ਼ੀਨ-ਗਨਾਂ ਗਡੀਆਂ ਹੋਈਆਂ ਹਨ। ਅਗੇ ੨੦੦ ਸਿੰਘ ਕਤਲ ਹੋ ਗਿਆ ਹੈ, ਹੁਣ ਤੁਸੀਂ ਭੀ ਮਾਰੇ ਜਾਵੋਗੇ।" ਝੱਬਰ ਨੇ ਉਤਰ ਦਿਤਾ ਕਿ ਸਰਦਾਰ ਬਹਾਦਰ, ਉਸ ਦਿਨ ਤਾਂ ਤੂੰ ਭੀ ਆਖਿਆ ਸੀ ਕਿ ਨਨਕਾਣੇ ਸਾਹਿਬ ਤੇ ਕਬਜ਼ਾ ਜ਼ਰੂਰ ਕਰੋ। ਹੁਣ ਪਿਛਾਂਹ ਮੁੜਨ ਦਾ ਵੇਲਾ ਨਹੀਂ, ਜੋ ਕੁਛ ਹੁੰਦਾ ਹੈ ਹੋਣ ਦਿਓ, ਅਸੀਂ ਰੁਕ



www.AKJ.Org

ਨਹੀਂ ਸਕਦੇ। ਸਾਨੂੰ ਕੁਝ ਨਾ ਆਖੋ, ਚਲੇ ਜਾਵੋ, ਅਸੀਂ ਤੇਰੀ ਨਹੀਂ ਸੁਣਦੇ।'' ਸਰਦਾਰ ਮਹਿਤਾਬ ਸਿੰਘ ਉਸੇ ਤਰ੍ਹਾਂ ਰੁਮਾਲ ਨਾਲ ਅਾਂਸੂ ਪੂੰਝਦਾ ਵਾਪਸ ਚਲਾ ਗਿਆ।

ਝੱਬਰ ਨੇ ਇਕ-ਦਮ ਹੁਕਮ ਦਿੱਤਾ ਕਿ ਸਭ ਜਥੇ ਇਕ ਲਾਈਨ ਵਿਚ ਹੋ ਜਾਵੋ। ਇਥੇ ਖੜੇ ਹੋ ਕੇ ੧੦ ਮਿੰਟ ਝੱਬਰ ਨੇ ਫਿਰ ਇਕ ਲੈਕਚਰ ਦਿਤਾ। ਕਿਹਾ, ''ਖਾਲਸਾ ਜੀ ! ਹੁਣ ਅਸੀਂ ਗੋਲੀ ਦੀ ਮਾਰ ਦੇ ਨੇੜੇ ਪੁਜ ਗਏ ਹਾਂ। ਜਿਸ ਵੇਲੇ ਗੋਲੀ ਸ਼ੁਰੂ ਹੋਵੇ, ਇਕ-ਦਮ ਦੌੜ ਪਵੋ। ਜਿਹੜਾ ਗੋਲੀ ਨਾਲ ਡਿਗ ਪਵੇ, ਉਸ ਨੂੰ ਪਿਆ ਰਹਿਣ ਦਿਉ। ਉਸ ਵਲ ਮਤ ਵੇਖੋ, ਤੁਸੀਂ ਅਗੇ ਦੌੜਦੇ ਚਲੋ। ਜਿਹੜੇ ਮਰ ਜਾਣਗੇ ਉਹ ਸ਼ਹੀਦ ਹੋ ਜਾਣਗੇ। ਬਾਕੀ ਜਿਹੜੇ ਬਚੇ ਹੋਏ ਹੋਣ, ਗੋਰਿਆਂ ਦੀ ਹਥੀਂ ਪੈ ਕੇ ਬੰਦੂਕਾਂ ਖੋਹ ਲਵੋ ਤੇ ਗੋਰਾ ਇਕ ਨਾ ਰਹਿਣ ਦਿਓ। ਇਸ ਤੋਂ ਅਗੇ ਫਿਰ ਗੁਰਦਵਾਰੇ ਪੁਜੋ। ਜੇ ਮੁਕਾਬਲਾ ਹੋਵੇ ਤਾਂ ਗੋਰਾ ਇਕ ਨ ਬਚੇ।'' ਪੰਜ ਮਿੰਟਾਂ ਵਿਚ ਜਥੇ ਆਪੋ ਆਪਣੀਆਂ ਕਤਾਰਾਂ ਵਿਚ ਹੋ ਗਏ। ਫਿਰ ਸੀਟੀ ਵਜੀ, ਜੈਕਾਰਾ ਛਡਿਆ ਤੇ ਅਗੇ ਟੁਰ ਪਏ। ਭਠਿਆਂ ਦੇ ਪਾਸ ਰੇਲ ਦੇ ਫਾਟਕ ਤੋਂ ਪਿਛਾਂਹ ਹੀ, ਜਥੇ ਨੂੰ ਅਗੋਂ ਸਿਖ ਲੀਡਰ ਤੇ ਚਾਰ ਅੰਗਰੇਜ਼ ਆ ਮਿਲੇ। ਲੀਡਰ ਸ: ਹਰਬੰਸ ਸਿੰਘ ਜੀ ਅਟਾਰੀ, ਪ੍ਰੋਫੈਸਰ ਜੋਧ ਸਿੰਘ ਜੀ, ਸ: ਲਾਲ ਸਿੰਘ ਤੇ ਸ: ਬਹਾਦਰ ਮਹਿਤਾਬ ਸਿੰਘ ਜੀ ਸਨ ਅਤੇ ਇਨ੍ਹਾਂ ਦੇ ਨਾਲ ਕਿੰਗ ਸਾਹਿਬ ਕਮਿਸ਼ਨਰ ਲਾਹੌਰ, ਐਮਰਸਨ ਸਾਹਿਬ ਡੀ. ਆਈ. ਜੀ. ਪੁਲੀਸ ਲਾਹੌਰ, ਡਿਪਟੀ ਕਮਿਸ਼ਨਰ ਕਰੀ ਸਾਹਿਬ ਸ਼ੇਖੂਪੁਰਾ ਤੇ ਚੌਥਾ ਫ਼ੌਜ ਦਾ ਕਮਾਂਡਰ ਜਰਨੈਲ ਸਨ।

ਝੱਬਰ ਘੋੜੇ ਤੇ ਸਵਾਰ ਸੀ। ਪੇਟੀ ਵਾਲਾ ਗਾਤਰਾ ਕਿਰਪਾਨ ਤੇ ਵਡੇ ਦਸਤੇ ਵਾਲਾ ਸਫ਼ਾਜੰਗ ਹੱਥ ਵਿਚ ਸੀ। ਅਗੋਂ ਉਪਰੋਕਤ ਅਫ਼ਸਰ ਤੇ ਸਿਖ ਲੀਡਰ ਆ ਮਿਲੇ। ਸਭ ਨੇ ਫ਼ਤਹ ਬੁਲਾਈ ਤੇ ਖਲੋਣ ਵਾਸਤੇ ਇਸ਼ਾਰਾ ਕੀਤਾ, ਪਰ ਝੱਬਰ ਨੇ ਘੋੜਾ ਨਾ ਖਲ੍ਹਾਰਿਆ। ਤਾਂ ਫਿਰ ਅਗੇ ਹੋ ਕੇ ਸ: ਲਾਲ ਸਿੰਘ ਸੁਦਾਗਰ ਲਕੜੀ ਲਾਹੌਰ, ਜੋ ਝੱਬਰ ਦਾ ਮਿਤਰ ਸੀ, ਨੇ ਆਖਿਆ, ''ਜਥੇਦਾਰ ਜੀ, ਖਲੋ ਕੇ ਸਾਹਿਬ ਦੀ ਗੱਲ ਸੁਣੋ।

ਝੱਬਰ ਨੇ ਘੋੜਾ ਖਲ੍ਹਾਰ ਕੇ ਸੀਟੀ ਮਾਰੀ। ਸਾਰਾ ਜਥਾ ਉਸੇ ਤਰ੍ਹਾਂ ਇਕ ਲਾਈਨ ਵਿਚ ਸਨੱਧ-ਬੱਧ ਖੜਾ ਹੋ ਗਿਆ ਤੇ ਇਕ ਸਿੰਘ ਨੇ ਝਬਰ ਦਾ ਘੋੜਾ ਪਕੜ ਲਿਆ। ਝੱਬਰ ਘੋੜੇ ਤੋਂ ਉਤਰਿਆ। ਸਾਹਮਣੇ ਖਲੋਤੇ ਅੰਗਰੇਜ਼ ਡਿਪਟੀ ਕਮਿਸ਼ਨਰ ਨੂੰ ਮੁਖ਼ਾਤਬ ਹੋ ਕੇ ਕਿਹਾ, ''ਸਾਹਿਬ ਬਹਾਦਰ, ਦਸੋ ਕੀ ਆਖਦੇ ਹੋ ?'' ਕਰੀ ਸਾਹਿਬ ਨੇ ਕਿਹਾ, ''ਜਥੇ ਕੋ ਰੋਕੋ। ਅਗੇ ਜਰਨੈਲ ਸਾਹਿਬ ਫ਼ੌਜ ਲੇਕਰ ਖੜਾ ਹੂਆ ਹੈ, ਆਗੇ ਮਤ ਜਾਉ, ਗੋਲੀ ਚਲ ਜਾਇਗੀ।''

ਝੱਬਰ ਨੇ ਕਿਹਾ, ''ਸਾਹਿਬ ਬਹਾਦਰ, ਫਿਰ ਤੁਸੀਂ ਚਲਾਉ ਗੋਲੀ। ਤੁਸਾਡੇ ਪਾਸ ੧੫੦ ਗੋਰਾ ਹੈ ਮੇਰੇ ਪਾਸ ੨੨੦੦ ਜੁਆਨ ਹੈ, ਤੁਸੀ ਗੋਲੀ ਚਲਾਓ, ਵੇਖੋ ਮੇਰੇ ਜੁਆਨ ਚਲਦੀ ਗੋਲੀ ਵਿਚ ਕਿਵੇਂ ਹੱਥ ਵਖਾਂਦੇ ਹਨ।'' ਦੂਜਾ ਸਾਹਿਬ ਡੀ. ਆਈ. ਜੀ. ਬੋਲਿਆ, ''ਆਪ ਚਾਹਤੇ ਕਿਆ ਹੈਂ ?'' ਝੱਬਰ ਨੇ ਕਿਹਾ, ''ਸਾਹਿਬ ਬਹਾਦਰ, ਅਸੀਂ ਆਪ ਪਾਸੋਂ ਤਾਂ ਕੁਝ ਨਹੀਂ ਲੈਣਾ ਚਾਹੁੰਦੇ, ਤੁਸਾਂ ਸਾਡੇ ਗੁਰਦਵਾਰੇ ਤੇ ਕਬਜ਼ਾ ਕਿਉਂ ਕੀਤਾ ਹੈ ? ਇਹ ਕੋਈ ਮਹਾਰਾਜਾ ਰਣਜੀਤ ਸਿੰਘ ਦਾ ਕਿਲ੍ਹਾ ਨਹੀਂ, ਇਹ ਸਾਡਾ ਯੂਰਸ਼ਲੇਮ ਹੈ, ਗੁਰਦਵਾਰੇ ਤੇ ਕਬਜ਼ਾ ਕਰਨ ਦਾ ਆਪ ਦਾ ਕੋਈ ਹੱਕ ਨਹੀਂ, ਚਾਬੀਆਂ ਦੇ ਦੇਵੋ, ਫੌਜ ਹਟਾ ਲਵੋ। ਨਹੀਂ ਤਾਂ ਗੋਲੀ ਚਲਾਉ, ਅਸੀਂ ਤੁਹਾਡੀ ਗੋਲੀ ਦਾ ਵੀ ਜ਼ੋਰ ਵੇਖ ਲਵਾਂਗੇ। ਅਸਾਂ ਤਾਂ ਅਰਦਾਸਾ ਕੀਤਾ ਹੋਇਆ ਹੈ ਕਿ ਗੁਰਦਵਾਰੇ ਪੁਜ ਕੇ ਖਲੋਣਾ ਹੈ ਅਤੇ ਰਹਿਰਾਸ ਦਾ ਪਾਠ ਗੁਰਦਵਾਰੇ ਸਾਹਿਬ ਕਰਨਾ ਹੈ।'' ਕਰੀ ਸਾਹਿਬ ਕਹਿਣ ਲੱਗਾ, ''ਆਪ ਗੁਰਦਵਾਰੇ ਦੀਆਂ ਚਾਬੀਆਂ ਚਾਹੁੰਦੇ ਹੋ ? ਬਹੁਤ ਅਛਾ, ਰਾਤ ਜਥੇ ਕੋ ਠਹਿਰਾਓ; ਸੁਬ੍ਹਾ ਆਪ ਕੋ ਚਾਬੀ ਦੇ ਦੀ ਜਾਏਗੀ।''

ਝੱਬਰ ਨੇ ਕਿਹਾ, ''ਸਾਹਿਬ ਬਹਾਦਰ, ਆਪ ਨੂੰ ਮੱਤ ਦੇਣ ਵਾਲਾ ਮੇਰੇ ਕੋਲ ਭੀ ਰਹਿ ਗਿਆ ਸੀ। ਇਸ ਵੇਲੇ ਤੇਰੇ ਪਾਸ ਸਿਰਫ ੧੫੦ ਗੋਰਾ ਫੌਜ ਹੈ ਤੇ ਮੇਰੇ ਪਾਸ ੨੨੦੦ ਜਵਾਨ ਤਿਆਰ-ਬਰ-ਤਿਆਰ ਹੈ। ਤੇਰੀ ਇਹ ਮਰਜ਼ੀ ਹੈ ਕਿ ਰਾਤ ਅਸੀਂ ਇਥੇ ਸੁਤੇ ਰਹੀਏ, ਤੇ ਤੂੰ ਰਾਤ ਹੋਰ ਫੌਜ ਲਿਆ ਕੇ ਸਾਨੂੰ ਸੁਤਿਆਂ ਨੂੰ ਹੀ ਕਾਬੂ ਕਰ ਲਵੇ। ਸਾਡਾ ਮੁਕਾਬਲਾ ਤਾਂ ਮਹੰਤ ਨਾਲ ਸੀ, ਹੁਣ ਤੁਸਾਂ ਸਾਡੇ ਅਗੇ ਨਾਜਾਇਜ਼ ਲੱਤ ਆਣ ਅੜਾਈ ਹੈ। ਯੇਹ ਤੋਂ ਹਮਾਰਾ ਯੂਰਸ਼ਲੇਮ ਹੈ, ਸਾਡੇ ਗੁਰਦਵਾਰੇ ਤੇ ਕਬਜ਼ਾ ਕਰਨ ਦਾ ਤੁਹਾਡਾ ਕੋਈ ਹੱਕ ਨਹੀਂ। ਚਾਬੀਆਂ ਦੇ ਦੇਹ



www.AKJ.Org

ਜਾਂ ਚਲਾ ਗੋਲੀ ।'' ਜਥੇ ਵਲ ਮੁਖ਼ਾਤਬ ਹੋ ਕੇ ਝੱਬਰ ਨੇ ਉਚੀ ਅਵਾਜ਼ ਨਾਲ ਕਿਹਾ, ''ਕਿਉਂ ਖਾਲਸਾ ਜੀ, ਇਹ ਸਾਹਿਬ ਆਖਦੇ ਹਨ ਕਿ ਤੁਸੀਂ ਚਾਰ ਪਹਿਰ ਰਾਤ ਏਥੇ ਸਵੋਂ, ਤੇ ਫਿਰ ਅਸੀਂ ਤੁਹਾਨੂੰ ਭਲਕੇ ਚਾਬੀਆਂ ਦੇਵਾਂਗੇ ।''

ਇਹ ਸੁਣ ਕੇ ਸਿੰਘਾਂ ਦੀ ਕਤਾਰ, ਜੋ ਹਥਿਆਰ-ਬੰਦ ਸੀ, ਵਿਚੋਂ ਇਕ ਗਿਆਨ ਸਿੰਘ ਨਾਮੇ ਪਿੰਡ ਲਾਗਰ ਦੇ ਲੜਕੇ ਨੇ, ਜੋ ਛਵ੍ਹੀ ਲੈ ਕੇ ਖਲੋਤਾ ਸੀ, ਕਿਹਾ,''ਚਾਰ ਪਹਿਰ ਰਾਤ ਕਿਥੇ, ਅਸੀਂ ਤਾਂ ਚਾਰ ਮਿੰਟ ਨਹੀਂ ਰੁਕਣਾ ।'' ਇਹ ਆਖ ਕੇ ਜ਼ਮੀਨ ਤੇ ਜ਼ੋਰ ਨਾਲ ਛਵ੍ਹੀ ਮਾਰੀ। ਫਿਰ ਸਾਰੇ ਜਥੇ ਨੇ ਹੀ, ਜੋ ਕਿਸੇ ਕੋਲ ਹਥਿਆਰ ਸੀ, ਜ਼ਮੀਨ ਤੇ ਮਾਰਿਆ ਤੇ ਧੂੜ ਉਡਾਈ ਤੇ ਜੈਕਾਰੇ ਛਡੇ। ਏਧਰੋਂ ਝੱਬਰ ਨੇ ਗਜ ਕੇ ਰੋਹ ਨਾਲ ਆਖਿਆ, ''ਸਾਹਿਬ ਬਹਾਦਰ, ਹਟ ਪਿਛੇ, ਅਗਰ ਤੁਸਾਂ ਨੂੰ ਕੋਈ ਕਤਲ ਕਰ ਦੇਵੇਗਾ ਤਾਂ ਮੈਂ ਜ਼ਿੰਮੇਵਾਰ ਨਹੀਂ ਹੋਵਾਂਗਾ। ਹਟ ਜਾ, ਪਿਛੇ ਦੂਰ ਹੋ ਜਾ '' ਇਸ ਵੇਲੇ ਸਾਹਿਬ ਬਹਾਦਰ ਦੇ ਚਿਹਰੇ ਦਾ ਰੰਗ ਫਿਕਾ ਪੈ ਗਿਆ। ਪਿਛੇ ਹਟਦਾ ਹਟਦਾ ਆਖਣ ਲਗਾ, ''ਅਛਾ ਸਰਦਾਰ ਸਾਹਿਬ, ਦੋ ਮਿੰਟ ਠਹਿਰੋ ।'' ਝੱਬਰ ਨੇ ਕਿਹਾ, ਹਾਂ ਦੋ ਮਿੰਟ ਅਸੀਂ ਠਹਿਰਦੇ ਹਾਂ ।'' ਜਥੇ ਨੂੰ ਚੁਪ ਕਰਨ ਲਈ ਇਸ਼ਾਰਾ ਕੀਤਾ। ਚੁਪ ਹੋ ਗਈ। ਕੋਲ ਇਕ ਝਾੜੀ ਨਾਲ ਕਿੰਗ ਸਾਹਿਬ ਕਮਿਸ਼ਨਰ ਲਾਹੌਰ ਤੇ ਸ: ਬ: ਮਹਿਤਾਬ ਸਿੰਘ ਖਲੋਤੇ ਸਨ। ਅੰਗਰੇਜ਼ ਅਫ਼ਸਰਾਂ ਇੱਕਠੇ ਹੋ ਕੇ ਆਪਸ ਵਿਚ ਕੁਝ ਗੱਲ ਬਾਤ ਕੀਤੀ।

ਉਪਰੰਤ ਸਰਦਾਰ ਮਹਿਤਾਬ ਸਿੰਘ ਨੇ ਅਵਾਜ਼ ਮਾਰੀ, ਝੱਬਰ ਜੀ ਆਉ ਤੁਹਾਨੂੰ ਕਮਿਸ਼ਨਰ ਸਾਹਿਬ ਬੁਲਾਂਦੇ ਹਨ।'' ਝੱਬਰ ਨੇ ਕਿਹਾ,''ਮੈਂ ਨਹੀਂ ਆਉਂਦਾ।'' ਦੂਜੀ ਵਾਰ ਫਿਰ ਸਰਦਾਰ ਬਹਾਦਰ ਨੇ ਕਿਹਾ,''ਜਥੇਦਾਰ ਜੀ, ਆਉ, ਸਾਹਿਬ ਬਹਾਦਰ ਜੀ ਬੁਲਾਂਦੇ ਹਨ। ਕਹਿੰਦੇ ਹਨ ਚਾਬੀਆਂ ਲੈ ਲਵ ।'' ਝੱਬਰ ਨੇ ਆਖਿਆ, ''ਕਮਿ-ਸ਼ਨਰ ਆਪ ਅਗੇ ਆ ਜਾਵੇ ।'' ਕਮਿਸ਼ਨਰ ਆਪ ਅਗੇ ਵਧਿਆ, ਤੇ ਚਾਬੀਆਂ ਝੱਬਰ ਨੂੰ ਦਿੰਦੇ ਹੋਏ ਕਿਹਾ, ਕਿ ''ਸਰਦਾਰ ਸਾਹਿਬ ਆਪ ਜਥੇ ਕੋ ਯਹੀਂ ਠਹਿਰਾਵੋ, ਹਮ ਫੌਜ ਕੋ ਹਟਾ ਲੇਵੇਂ, ਫਿਰ ਤੁਮਾਰਾ ਜਥਾ ਆਗੇ ਆਏ ।''

ਉਤਰ ਵਿਚ ਝੱਬਰ ਨੇ ਕਿਹਾ, ''ਸਾਹਿਬ ਬਹਾਦਰ, ਬਹੁਤ ਅਛਾ ।'' ਝੱਬਰ ਨੇ ਵਾਪਸ ਘੋੜੇ ਤੇ ਚੜ੍ਹ ਕੇ ਪਿਛੇ ਹਟ ਕੇ ਇਕ ਉਚੇ ਥਾਂ ਘੋੜਾ ਖਲ੍ਹਾਰ ਕੇ ਸੀਟੀ ਮਾਰੀ ਤੇ ਸਾਰਾ ਜਥਾ ਝੱਬਰ ਦੇ ਨੇੜੇ ਆ ਕੇ ਖੜਾ ਹੋ ਗਿਆ। ਉਸ ਵਕਤ ਝੱਬਰ ਨੇ ਘੋੜੇ ਤੇ ਬੈਠਿਆਂ ਉਚਾ ਹੱਥ ਕਰ ਕੇ ਜਥੇ ਨੂੰ ਕੁੰਜੀਆਂ ਵਿਖਾ ਕੇ ਆਖਿਆ–

''ਖਾਲਸਾ ਜੀ ! ਅਸੀਂ ਜੋ ਅਰਦਾਸਾ ਸਚੇ ਸੌਦੇ ਤੋਂ ਸੋਧ ਕੇ ਟੁਰੇ ਸਾਂ, ਉਹ ਗੁਰੂ ਮਹਾਰਾਜ ਨੇ ਪੂਰਾ ਕਰ ਦਿਤਾ ਹੈ। ਇਹ ਗੁਰਦੁਆਰੇ ਸਾਹਿਬ ਦੀਆਂ ਚਾਬੀਆਂ ਹਨ, ਹੁਣ ਤੁਸੀਂ ਏਥੇ ਠਹਿਰੋ, ਮੈਂ ਜਾਂਦਾ ਹਾਂ। ਫੌਜ ਹਟਵਾ ਕੇ ਮੈਂ ਫਿਰ ਤੁਹਾਨੂੰ ਆ ਕੇ ਲੈ ਚਲਾਂਗਾ ।''

ਜਥੇ ਨੇ ਖੁਸ਼ੀ ਦੇ ਜੈਕਾਰੇ ਛਡੇ ਤੇ ਇਥੇ ਜਥਾ ਠਹਿਰ ਗਿਆ। ਫਾਟਕ ਦੇ ਕੋਲ ਫਸਟ ਕਲਾਸ ਰੇਲਵੇ ਦੇ ਡਬੇ ਖਲੋਤੇ ਸਨ, ਅਫਸਰ ਭੀ ਇਥੇ ਸਨ। ਝੱਬਰ ਆਇਆ ਤਾਂ ਕਮਿਸ਼ਨਰ ਨੇ ਕਿਹਾ ਕਿ ਤੁਸੀਂ ਨਨਕਾਣਾ ਸਾਹਿਬ ਗੁਰਦਵਾਰੇ ਦੀ ਕਮੇਟੀ ਬਣਾ ਲਵੋ, ਤੇ ਅਸੀਂ ਤੁਹਾਨੂੰ ਕਬਜ਼ਾ ਲਿਖ ਦੇਂਦੇ ਹਾਂ।''

ਸਰਦਾਰ ਹਰਬੰਸ ਸਿੰਘ ਜੀ ਨੇ ਕਿਹਾ ਕਿ ਨਵੀਂ ਕਮੇਟੀ ਬਣਾਣ ਦੀ ਕੀ ਲੋੜ ਹੈ, ਗੁਰਦਵਾਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੂੰ ਹੀ ਕਬਜ਼ਾ ਲਿਖ ਦੇਵੋ। ਇਸ ਗੱਲ ਤੇ ਕਿੰਗ ਸਾਹਿਬ ਤੇ ਸ: ਹਰਬੰਸ ਸਿੰਘ ਦੀ ਆਪਸੀ ਝੜਪ ਹੋ ਗਈ। ਇਸ ਵੇਲੇ ਸ: ਅਮਰ ਸਿੰਘ ਐਡੀਟਰ ਲਾਇਲ ਗਜ਼ਟ, ਸ: ਸੁੰਦਰ ਸਿੰਘ ਰਾਮਗੜ੍ਹੀਆ ਭੀ ਆ ਗਏ ਸਨ। ਕੁਝ ਗਲਬਾਤ ਹੋ ਕੇ ਸ੍ਰੀ ਨਨਕਾਣੇ ਸਾਹਿਬ ਗੁਰਦਵਾਰੇ ਦੀ ੭ ਮੈਂਬਰੀ ਕਮੇਟੀ ਬਣਾਈ ਗਈ। ਸ: ਹਰਬੰਸ ਸਿੰਘ ਜੀ ਅਟਾਰੀ ਪ੍ਰਧਾਨ ਬਣੇ, ਪ੍ਰੋਫੈਸਰ ਜੋਧ ਸਿੰਘ, ਸ: ਅਮਰ ਸਿੰਘ ਲਾਇਲ ਗਜ਼ਟ ਅਤੇ ਝੱਬਰ ਮੈਂਬਰ ਬਣੇ। ਕਮਿਸ਼ਨਰ ਸਾਹਿਬ ਨੇ ਕਮੇਟੀ ਨੂੰ ਕਬਜ਼ਾ ਲਿਖ ਦਿਤਾ।

ਦਫ਼ਾ ੧੪੪, ਜੋ ਗੁਰਦਵਾਰੇ ਤੇ ਲਗੀ ਹੋਈ ਸੀ, ਹਟਾ ਲਈ ਗਈ, ਗੋਰਾ ਫੌਜ ਦੇ ਜਰਨੈਲ ਨੂੰ ਭੀ ਫੌਜ ਹਟਾ ਲੈਣ ਵਾਸਤੇ ਹੁਕਮ ਦੇ ਦਿਤਾ ਗਿਆ। ਜਰਨੈਲ ਸਾਹਿਬ ਹੁਣ ਫੌਜ ਨੂੰ ਹਟਾਣ ਲਈ ਗੁਰਦਵਾਰੇ ਨੂੰ ਟੁਰੇ। ਦਖਣ ਵਾਲੇ ਬੁਰਜ ਕੋਲ ਖਲੋਤੇ ਇਕ ਫ਼ੌਜੀ ਅਫ਼ਸਰ ਨੂੰ ਜਰਨੈਲ ਨੇ ਹੁਕਮ ਦਿਤਾ, 'ਤੁਮ ਅਬਾਊਟ ਟਰਨ' ਹੋ ਜਾਓ। ਉਸ ਨੇ ਉਸੇ ਵੇਲੇ ਉਚੀ ਨਾਲ ਗੋਰੇ ਸਿਪਾਹੀਆਂ ਨੂੰ 'ਅਬਾਊਟ ਟਰਨ' ਹੋ ਜਾਣ ਲਈ ਹੁਕਮ ਕੀਤਾ। ਸੁਣਦੇ ਸਾਰ ਹੀ ਗੋਰਾ ਫ਼ੌਜ ਰੇਲ ਦੀ ਲਾਈਨ ਪਾਸ ਆਪਣੇ ਤੰਬੂਆਂ ਵਿਚ ਚਲੀ ਗਈ। [ਚਲਦਾ] 

www.AKJ.Org

# ਅੰਮ੍ਰਿਤ ਪਾਨ ਕਰਨਾ ਜੀਵਨ-ਗੁੜ੍ਹਤੀ ਹੈ

ਅੰਮ੍ਰਿਤ-ਸਿੰਚਾਰ ਨਿਰੀ ਮਰਯਾਦਾ ਜਾਂ ਨਿਰਾ ਪ੍ਰਣ ਹੀ ਨਹੀਂ, ਸਗੋਂ ਇਹ ਤਾਂ ਇਕ ਜੀਵਨ-ਗੁੜ੍ਹਤੀ ਹੈ ਅਤੇ ਆਯੂ ਪ੍ਰਜੰਤ ਸਫਲ ਜੀਵਨ ਜੀਊਣ ਦੀ ਇਕ ਜਾਚ ਤੇ ਵਿਰ੍ਤੰਤ ਹੈ। ਅੰਮ੍ਰਿਤ ਪਾਨ ਕਰ ਕੇ ਜਿਥੇ ਨਿਗੁਰਿਓਂ ਸਗੁਰੇ ਬਣੀਦਾ ਹੈ ਓਥੇ ਨਾਮ-ਅੰਮ੍ਰਿਤ ਦੀ ਪ੍ਰਾਪਤੀ ਵੀ ਹੁੰਦੀ ਹੈ, ਜਿਸ ਨੂੰ ਸਵਾਸ ਸਵਾਸ ਜਪ ਕੇ 'ਲੋਕ ਸੁਖੀਏ ਪਰਲੋਕ ਸੁਹੇਲੇ' ਹੋਈਦਾ ਹੈ। ਇਸ ਨਾਮ-ਗੁੜ੍ਹਤੀ ਤੋਂ ਬਿਨਾਂ ਸਾਰਾ ਸੰਸਾਰ ਭੰਬਲ-ਭੂਸਿਆਂ ਵਿਚ ਸੜਦਾ ਬਲਦਾ ਚੌਰਾਸੀ ਦੇ ਗੇੜ ਵਿਚ ਪਿਆ ਹੋਇਆ ਹੈ। ਛੁਟਕਾਰੇ ਦਾ ਸਾਧਨ ਕੇਵਲ "ਨਾਮ" ਹੈ।

ਨਾਮ ਦੀ ਗੁੜ੍ਹਤੀ ਅੰਮ੍ਰਿਤ ਛਕਣ ਸਮੇਂ ਪੰਜਾਂ ਪਿਆਰਿਆਂ ਤੋ ਪ੍ਰਾਪਤ ਹੁੰਦੀ ਹੈ। ਅੰਮ੍ਰਿਤ ਛਕਾਉਣ ਦਾ ਮੁੱਖ ਪ੍ਰਯੋਜਨ ਹੀ ਨਾਮ-ਗੁੜ੍ਹਤੀ ਦਵਾਰਾ "ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਇ" ਦੀ ਲਾਗ ਲਾਉਣਾ ਹੈ। ਅਜਿਹੀ ਲਾਗ ਜੋਤਿ ਜਗੰਨੇ ਪੰਜ ਪਿਆਰੇ ਹੀ ਲਾ ਸਕਦੇ ਹਨ, ਜੋ ਦਿਨ ਰਾਤ ਨਾਮ ਦੀ ਅਤੁਟ ਕਮਾਈ ਕਰਦੇ ਹੋਣ ਤੇ ਗੁਰਮਤਿ ਜੀਵਨ ਜੀਂਦੇ ਹੋਇ ਬੇਦਾਗ ਹੋਣ।

ਨਾਮ ਤੋਂ ਬਿਨਾਂ ਨਿਰੀ ਰਸਮ ਪੂਰੀ ਕਰਨ ਖ਼ਾਤਰ ਕੀਤੇ ਅੰਮ੍ਰਿਤ-ਪਰਚਾਰ ਨਾਲ ਜੀਵਨ ਪਲਟਾ ਨਹੀਂ ਆ ਸਕਦਾ। ਜਿਥੇ ਪੰਜਾਂ ਪਿਆਰਿਆਂ ਰਾਹੀਂ ਨਾਮ ਦ੍ਰਿੜ੍ਹ ਨਹੀਂ ਕਰਾਇਆ ਜਾਂਦਾ ਓਥੇ ਜੀਵਨ-ਪਲਟਾ ਆ ਹੀ ਨਹੀਂ ਸਕਦਾ। ਪੰਜਾਂ ਤੋਂ ਬਗ਼ੈਰ ਕਿਸੇ ਇਕੱਲੇ ਦੁਕੱਲੇ ਨੂੰ ਨਾਮ ਜਾਂ ਅੰਮ੍ਰਿਤ ਦੇਣ ਦਾ ਅਧਿਕਾਰ ਨਹੀਂ ਹੈ। ਪੰਜਾਂ ਵਿਚ ਹੀ ਪਰਮੇਸ਼ਰ ਦੀ ਕਲਾ ਵਰਤਦੀ ਹੈ–

ਇਕ ਸਿਖੁ, ਦੁਇ ਸਾਧ ਸੰਗੁ, ਪੰਜੀਂ ਪਰਮੇਸਰ ॥ [ਭਾਈ ਗੁਰਦਾਸ ਜੀ, ੧੩/੧੯

## ਰਿਸ਼ਤੇ ਨਾਤੇ–

ਨੋਟ ੧. ਚਿਠੀ ਵਾਲੇ ਲਫ਼ਾਫ਼ੇ ਦੇ ਬਾਹਰ ਲਿਖੋ : ਫ਼ਾਰਮ ਨੰ:......ਸੂਰਾ. ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ
੨. ਕੇਵਲ ਅੰਮ੍ਰਿਤਧਾਰੀ ਤੇ ਸਾਕਾਹਾਰੀ ਬੱਚਿਆਂ ਲਈ ਚਿਠੀ ਪਤਰ ਕਰੋ।
੩. ਰਿਸ਼ਤੇ ਨਾਤੇ ਦੇ ਫ਼ਾਰਮ ਸੂਰਾ ਮਾਸਕ ਪੱਤਰ ਅੰਮ੍ਰਿਤਸਰ ਤੋਂ ਟਿਕਟਾਂ ਲਗਾ ਲਫ਼ਾਫ਼ਾ ਭੇਜ ਕੇ ਮੁਫ਼ਤ ਮੰਗਾਓ।

ਫ਼ਾਰਮ ਨੰ: ੩੧੭–ਇਕ ਸਾਢੇ ੨੮ ਸਾਲਾ ਬੀਬੀ, ਕੱਦ ੫'–੨", ਬੀ. ਏ. ਬੀ. ਐਡ, ਧਾਰਮਕ ਟੀਚਰ, ਮਾਸਕ ੮੦੦/-, ਨਿਤਨੇਮਣ ਲਈ ਯੋਗ ਵਰ ਦੀ ਲੋੜ ਹੈ।

ਫ਼ਾਰਮ ਨੰ: ੩੧੮–ਇਕ ੨੨ ਸਾਲਾ ਬੀਬੀ, ਕੱਦ ੫'–੫", ਹਾਇਰ ਸੈਕੰਡਰੀ, ਸਿਲਾਈ ਕਟਾਈ ਕੋਰਸ ਪਾਸ ਲਈ ਚੰਗੀ ਨੌਕਰੀ ਵਾਲੇ ਵਰ ਦੀ ਲੋੜ ਹੈ।

ਫ਼ਾਰਮ ਨੰ: ੩੧੯–ਇਕ ੨੧ ਸਾਲਾ ਬੀਬੀ ਕੱਦ ੫'–੧", ਮੈਟਰਿਕ, ਗਿਆਨੀ, ਟਾਈਪਿਸਟ, ਸਿਲਾਈ ਕਟਾਈ ਪਾਸ ਲਈ ਬਿਜ਼ਨਿਸਮੈਨ ਜਾਂ ਚੰਗੀ ਨੌਕਰੀ ਵਾਲੇ ਵਰ ਦੀ ਲੋੜ ਹੈ।

ਫ਼ਾਰਮ ਨੰ: ੩੨੦–ਇਕ ਸਾਢੇ ੨੪ ਸਾਲਾ ਸਿੰਘ, ਕੱਦ ੫'–੭", ਮੈਟਰਿਕ, ਨਕਸ਼ਾ-ਨਵੀਸ, ਸਰਕਾਰੀ ਨੌਕਰੀ ਮਾਸਕ ੧੫੩੫/-, ਲਈ ਰਹਿਤਵਾਨ ਨਿਤਨੇਮਣ ਬੀਬੀ ਦੀ ਲੋੜ ਹੈ।

ਫ਼ਾਰਮ ਨੰ: ੩੨੧–ਇਕ ੩੦ ਸਾਲਾ ਸਿੰਘ, ਕੱਦ ੫'–੮", ਬੀ. ਕਾਮ., ਕਲਰਕ ਬੈਂਕ, ਮਾਸਕ ੨੨੦੦/-, ਲਈ ਸਰਕਾਰੀ ਨੌਕਰੀ ਵਾਲੀ ਬੀਬੀ ਦੀ ਲੋੜ ਹੈ।

ਫ਼ਾਰਮ ਨੰ: ੩੨੨–ਇਕ ੨੫ ਸਾਲਾ ਸਿੰਘ, ਕੱਦ ੫'–੯", ਬੀ. ਏ., ਸਰਕਾਰੀ ਨੌਕਰੀ ਮਾਸਕ ੧੧੦੦/- ਲਈ ਪੜ੍ਹੀ ਲਿਖੀ ਰਹਿਤਵਾਨ ਬੀਬੀ ਦੀ ਲੋੜ ਹੈ।

ਫ਼ਾਰਮ ਨੰ: ੩੨੩–ਇਕ ਸਵਾ ੨੩ ਸਾਲਾ ਬੀਬੀ, ਕੱਦ ੫'–੨", ਬੀ. ਏ. ਭਾਗ ੧, ਆਈ ਟੀ ਆਈ ਸਿਲਾਈ ਕਢਾਈ ਲਈ ਯੋਗ ਵਰ ਦੀ ਲੋੜ ਹੈ।

ਫ਼ਾਰਮ ਨੰ: ੩੨੪–ਇਕ ੩੫ ਸਾਲਾ ਬੀਬੀ, ਕੱਦ 5'–੨", ਮੈਟਰਿਕ, ਗਿਆਨੀ, ਨਿਤਨੇਮਣ ਤੇ ਨਾਮ-ਅਭਿਆਸੀ, ਸੋਹਲ ਬ੍ਰਿਤਿ ਤੇ ਸਿਹਤ ਠੀਕ ਲਈ ਯੋਗ ਵਰ ਦੀ ਲੋੜ ਹੈ।

## ਪਾਠਕ ਜੀ–

(੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ । ਹਰ ਮਹੀਨੇ ਪਰਚੇ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ।
(੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।
(੩) ਜੇ ਪਰਚਾ ੧੫ ਤਰੀਕ ਤਕ ਨਾ ਪਹੁੰਚੇ ਤਾਂ ਗੁੰਮ ਹੋ ਗਿਆ ਸਮਝੋ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਓ।
(੪) ਸ਼ਹੀਦੀ ਫ਼ੰਡ ਦੀ ਰਕਮ "ਅਖੰਡ ਕੀਰਤਨੀ ਜਥਾ" ਦੇ ਨਾਂ ਭੇਜੋ, ਹੋਰ ਕਿਸੇ ਨਾਂ ਤੇ ਨਾ ਭੇਜੋ ਜੀ।
(੫) ਦੇਸਾਂ ਪਰਦੇਸਾਂ ਤੋਂ ਸੂਰਾ ਪੱਤਰ ਨੂੰ ਅੰਮ੍ਰਿਤਸਰ ਤੋਂ ਬਿਨਾਂ ਕਿਸੇ ਹੋਰ ਸ਼ਹਿਰ ਦੇ ਭੇਜੇ ਚੈਕ ਜਾਂ ਡਰਾਫ਼ਟ ਵਿਚ, ਅਸਲ ਰਕਮ ਤੋਂ ਵਧ ਦਸ ਰੁਪਏ ਬੈਂਕ ਕਮਿਸ਼ਨ ਭੇਜੋ ਜੀ।

www.AKJ.Org

ਸੋਧ—੧੨-੪-੮੮ ਸ੍ਰੀ ਹਰਿਮੰਦਰ ਸਾਹਿਬ ਦੀ ਥਾਂ ਕੀਰਤਨ ਸਵੇਰੇ ੬ ਤੋਂ ੧੨ ਤਕ ਸ਼ਹੀਦੀ ਅਸਥਾਨ ਬੀ ਬਲਾਕ ਵਿਖੇ ਹੋਵੇਗਾ ।

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਗੁਰਮਤਿ ਪ੍ਰੋਗਰਾਮ

(1) 2-4-88 (ਈਸਟਰ ਦੀਆਂ ਛੁਟੀਆਂ ਸਮੇਂ) ਸ਼ਨੀਵਾਰ ਰਾਤ ਰੈਣ ਸਬਾਈ ਕੀਰਤਨ ਗੁਰਦਵਾਰਾ ਸਿਖ ਟੈਂਪਲ ਬਾਰਕਿੰਗ, ਲੰਡਨ ਵਿਖੇ । ਵਧੇਰੇ ਜਾਣਕਾਰੀ ਲਈ ਭਾਈ ਸਤਵਿੰਦਰ ਸਿੰਘ, ਲੇਟਨ, ਲੰਡਨ, ਫ਼ੋਨ 01-539-8331

(2) 21 ਤੋਂ 24 ਅਪ੍ਰੈਲ ਸਵੇਰ ਤਕ ਸ਼ਹੀਦਾਂ ਦੀ ਯਾਦ ਵਿਚ ਇੰਟਰਨੈਸ਼ਨਲ ਪ੍ਰੋਗਰਾਮ, 23 ਅਪ੍ਰੈਲ ਸ਼ਨੀਵਾਰ ਸ਼ਾਮ ਸ੍ਰੀ ਅਖੰਡਪਾਠ ਦੀ ਸੰਪੂਰਨਤਾ ਉਪਰੰਤ ਰੈਣ ਸਬਾਈ ਕੀਰਤਨ ਅਰੰਭ, ਸਮਾਪਤੀ 24 ਅਪ੍ਰੈਲ ਸਵੇਰੇ 6 ਵਜੇ । ਗੁਰਦੁਆਰਾ ਸਿਖ ਟੈਂਪਲ ੯6-98 ਨੀਉ ਸਟਰੀਟ, ਲਮਿੰਗਟਨ, ਸਪਾ, ਇੰਗਲੈਂਡ (ਫ਼ੋਨ 0926-24297) ਵਧੇਰੇ ਜਾਣਕਾਰੀ ਲਈ ਭਾਈ ਜਰਨੈਲ ਸਿੰਘ ਫ਼ੋਨ 0926-30008

(3) 12 ਤੋਂ 14 ਮਈ ਸ਼ਹੀਦਾਂ ਪ੍ਰਥਾਇ ਸ੍ਰੀ ਅਖੰਡਪਾਠ, 14 ਮਈ ਸ਼ਨੀਵਾਰ ਪਾਠ ਦੇ ਭੋਗ ਉਪਰੰਤ ਕੀਰਤਨ, ਰਾਤ ਨੂੰ ਰੈਣ ਸਬਾਈ ਕੀਰਤਨ, ਸਮਾਪਤੀ 15 ਮਈ ਸਵੇਰੇ ਗੁਰਦਵਾਰਾ ਗੁਰੂ ਗੋਬਿੰਦ ਸਿੰਘ ਜੀ,ਲੀਡਜ਼ ਰੋਡ, ਬਰੈਡਫੋਰਡ-3 ਯੂ.ਕੇ. ਗੁਰਦਵਾਰਾ ਫ਼ੋਨ 0274-727928, ਭਾ: ਗੁਰਨਾਮ ਸਿੰਘ ਫ਼ੋਨ 0274-491351

## ਅਖੰਡ ਕੀਰਤਨੀ ਜਥਾ (ਚਲਦਾ ਵਹੀਰ ਇੰਟਰਨੈਸ਼ਨਲ) ਵਲੋਂ ਲਗਾਤਾਰ ਪਰਚਾਰ ਯਾਤਰਾ

ਭਾਈ ਰਾਜਿੰਦਰ ਸਿੰਘ ਡਡਲੀ ਤੋਂ ਸੂਚਨਾ ਦੇਂਦੇ ਹਨ ਕਿ ਅਮਰੀਕਾ ਵਿਚ ਗੁਰਮਤਿ ਪਰਚਾਰ ਸਮਾਗਮ ਖੂਬ ਰੰਗਾਂ ਵਿਚ ਹੋਏ, 40 ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ । ਹੁਣ ਤਿੰਨ ਚਾਰ ਮਹੀਨੇ ਦਾ ਪ੍ਰੋਗਰਾਮ ਸਿੰਘਾਪੁਰ, ਮਲੇਸ਼ੀਆ, ਅਸਟਰੇਲੀਆ, ਨਿਊਜ਼ੀਲੈਂਡ, ਫਿਜੀ ਅਤੇ ਅਮਰੀਕਾ ਆਦਿ ਦਾ ਉਲੀਕਿਆ ਗਿਆ ਹੈ । ਅਪ੍ਰੈਲ ਮਈ ਦੇ ਪ੍ਰੋਗਰਾਮ—

(1) 7 ਅਪ੍ਰੈਲ ਤੋਂ ੫ ਮਈ ਸਿੰਘਾਪੁਰ ਅਤੇ ਮਲੇਸ਼ੀਆ ਵਿਖੇ ।
ਪੁਛ ਗਿਛ :—ਭਾਈ ਜੀਤ ਸਿੰਘ, ਅਖੰਡ ਕੀਰਤਨੀ ਜਥਾ ਸਿੰਘਾਪੁਰ, ਫ਼ੋਨ 4413436

(2) 5 ਮਈ ਤੋਂ 2 ਜੂਨ ਅਸਟਰੇਲੀਆ ਵਿਖੇ ।
ਪੁਛ ਗਿਛ : ਭਾਈ ਸੁਬੇਗ ਸਿੰਘ, ਅਖੰਡ ਕੀਰਤਨੀ ਜਥਾ ਅਸਟਰੇਲੀਆ, ਫ਼ੋਨ 02-776252

## ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਇਸ ਮਹੀਨੇ ਸਿਖ ਸੰਗਤਾਂ ਵਲੋਂ ਗੁਰਸਿਖ ਪੀੜਤ ਪਰਵਾਰਾਂ ਲਈ ਹੇਠ ਲਿਖੀ ਮਾਇਆ ਪੁਜੀ ਹੈ—

| | | | |
|---|---|---|---|
| ਸ: ਬਲਬੀਰ ਸਿੰਘ ਸੰਧੂ ਯੂ. ਕੇ. | ੧੫੮-੮੦ | ਮਾ: ਗੁਰਮੇਲ ਸਿੰਘ, ਮਲਾ, ਡਾ: ਡੋਡ (ਫਰੀਦਕੋਟ) | ੫੦-੦੦ |
| ਏ.ਡੀ. ਤੇਜਵੰਤ ਸਿੰਘ Petaling Taya, ਮਲਾਇਆ ਬਚੇ ਦੇ ਅਨੰਦ ਸਮੇਂ | ੧੨੫-੦੦ | ਭਾ: ਬਲਵੰਤ ਸਿੰਘ ਕੁਲਵੰਤ ਸਿੰਘ ਵੈਰੋਕੇ (ਮੋਗਾ) | ੧੦੦-੦੦ |
| | | ਭਾ:ਇੰਦਰਜੀਤ ਸਿੰਘ ਅੰਮ੍ਰਿਤਪਾਲ ਸਿੰਘ,ਅੰਮ੍ਰਿਤਸਰ | ੨੫੦-੦੦ |
| ਬਾਬਾ ਜੀਵਨ ਸਿੰਘ ਜੀ | ੧੫੦੦੦-੦੦ | ਮੈਸਰਜ਼ ਗੋਇੰਦਵਾਲ ਇੰਡਸਟ੍ਰੀਜ਼, ਗੋਇੰਦਵਾਲ | ੧੦੧-੦੦ |
| ਗੁਪਤ ਪ੍ਰੇਮੀ | ੧੦੧-੦੦ | ਸ: ਸੁਖਦੇਵ ਸਿੰਘ, ਤਲਵਾੜਾ | ੧੦੧-੦੦ |
| JWO ਤੇਜਿੰਦਰ ਸਿੰਘ, ਮਦਰਾਸ | ੧੦੦-੦੦ | JWO ਹਰਦੀਸ਼ ਸਿੰਘ ਸੰਗਰ, ਕਾਨਪੁਰ | ੧੦੧-੦੦ |

## ਗੁਰਸਿਖ ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

| | | | | |
|---|---|---|---|---|
| ਬੀਬੀ ਬਲਬੀਰਕੌਰ ਸੁਪਤਨੀ ਸ.ਕਰਨੈਲਸਿੰਘ ਪਟੀ ਨੂੰ ਬਚਿਆਂ ਦੀ ਪੜ੍ਹਾਈ,ਪ੍ਰਵਾਰਕ ਲੋੜਾਂ ਤੇ ਕੇਸ ਦੀ ਪੈਰਵੀ ਲਈ | | | | ੯੨੫੦-੦੦ |
| ਬੀਬੀ ਬਲਬੀਰ ਕੌਰ ਸੁਪਤਨੀ ਭਾ: ਸਵਿੰਦਰ ਸਿੰਘ ਬਠਿੰਡਾ | ,, | ,, | ,, | ੫੦੦੦-੦੦ |
| ਬੀਬੀ ਕਰਤਾਰ ਕੌਰ ਸੁਪਤਨੀ ਭਾ: ਮੇਜਰ ਸਿੰਘ ਦੋਰਾਹਾ ਮੰਡੀ | ,, | ,, | ,, | ੫੦੦੦-੦੦ |
| ਬੀਬੀ ਜਸਬੀਰ ਕੌਰ ਸੁਪਤਨੀ ਭਾ: ਨਰਿੰਦਰਪਾਲ ਸਿੰਘ ਪਟਿਆਲਾ | ,, | ,, | ,, | ੫੦੦੦-੦੦ |
| ਬੀਬੀ ਪਰਮਿੰਦਰ ਕੌਰ ਸੁਪਤਨੀ ਭਾ: ਗੁਰਸ਼ਰਨ ਸਿੰਘ ,, | ,, | ,, | ,, | ੫੦੦੦-੦੦ |
| ਬੀਬੀ ਬਲਦੇਵ ਕੌਰ ਮਾਤਾ ਭਾ: ਭਜਨਬੀਰ ਸਿੰਘ ,, | ,, | ,, | ,, | ੫੦੦੦-੦੦ |
| ਬੀਬੀ ਮਨਜੀਤ ਕੌਰ ਸਪੁਤਰੀ ਭਾ: ਮਨੋਹਰ ਸਿੰਘ ਜਲੰਧਰ ਨੂੰ ਪਰਵਾਰਕ ਲੋੜਾਂ ਲਈ | | | | ੫੦੦੦-੦੦ |
| ਬੀ:ਸ਼ਰਨਜੀਤਕੌਰ ਸਪੁਤਰੀ ਭਾ:ਤੇਜਵੰਤਸਿੰਘ ਮਕਬੂਲਪੁਰਾ ਅੰਮ੍ਰਿਤਸਰ ਬਚਿਆਂ ਦੀ ਪੜ੍ਹਾਈ ਤੇ ਕੇਸ ਦੀ ਪੈਰਵੀ ਲਈ | | | | ੫੦੦੦-੦੦ |
| ਬੀਬੀ ਗੁਰਮੀਤ ਕੌਰ ਸਪੁਤਰੀ ਭਾ: ਸੁਰਿੰਦਰ ਸਿੰਘ ਪਟੀ ਨੂੰ ਪਰਵਾਰਕ ਲੋੜਾਂ ਤੇ ਬਚਿਆਂ ਦੀ ਪੜ੍ਹਾਈ ਲਈ | | | | ੫੦੦੦-੦੦ |
| ਬੀਬੀ ਪਰਮਜੀਤ ਕੌਰ ਮਾਤਾ ਭਾ: ਗੁਰਮੇਜ ਸਿੰਘ ਕਥੂਨੰਗਲ ਨੂੰ ਪਰਵਾਰਕ ਲੋੜ ਤੇ ਕੇਸ ਦੀ ਪੈਰਵੀ ਲਈ | | | | ੫੦੦੦-੦੦ |
| ਬੀਬੀ ਬਲਜੀਤ ਕੌਰ ਸਪੁਤਰੀ ਭਾ: ਸੁਰਜੀਤ ਸਿੰਘ ਬਹਿਲੋਲਪੁਰ(ਬਟਾਲਾ)ਨੂੰ ਪਰਵਾਰਕ ਲੋੜਾਂ ਤੇ ਬਚਿਆਂ ਦੀ ਪੜ੍ਹਾਈ | | | | ੫੦੦੦-੦੦ |
| ਬੀਬੀ ਸੁਖਵਿੰਦਰਕੌਰ ਸਪੁਤਰੀ ਭਾ:ਦਲੀਪਸਿੰਘ ਉਗਰ ਔਲਖ(ਅਜਨਾਲਾ) ਨੂੰ ਪਰਵਾਰਕ ਲੋੜਾਂ ਤੇ ਕੇਸ ਦੀ ਪੈਰਵੀ ਲਈ | | | | ੫੦੦੦-੦੦ |
| ਮਾਸਕ ਸਹਾਇਤਾ ਚਾਰ ਪੀੜਤ ਪਰਵਾਰਾਂ ਨੂੰ ਬੈਂਕ ਐਮ. ਟੀਆਂ ਰਾਹੀਂ | | | | ੧੦੦੦-੦੦ |

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ ਸ੍ਰੀ ਅੰਮ੍ਰਿਤਸਰ

www.AKJ.Org

# ਸ੍ਰੀ ਅੰਮ੍ਰਿਤਸਰ ਵਿਖੇ ਵੈਸਾਖੀ ਅਖੰਡ ਕੀਰਤਨ ਸਮਾਗਮ

## ਅਖੰਡ ਕੀਰਤਨੀ ਜਥਿਆਂ ਵਲੋਂ ੧੧ ਅਪ੍ਰੈਲ ਸੋਮਵਾਰ ਸ਼ਾਮ ਤੋਂ ੧੪ ਅਪ੍ਰੈਲ ਵੀਰਵਾਰ ਸਵੇਰ ਤਕ

ਸ਼ਹੀਦਾਂ ਦੀ ਯਾਦ ਵਿਚ ਖਾਲਸਾ ਜੀ ਦਾ ਜਨਮ-ਦਿਨ ਵੈਸਾਖੀ ਮਨਾਣ, ਨਾਮ ਬਾਣੀ ਕੀਰਤਨ ਨਾਲ ਜੁੜਨ, ਅੰਮ੍ਰਿਤ-ਸਰੋਵਰ ਦੇ ਇਸ਼ਨਾਨ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ-ਦੀਦਾਰ ਲਈ ਆਇ ਦੀਦਾਰ ਬਖਸ਼ੋ ਜੀ। ਪ੍ਰੋਗਰਾਮ ਇਉਂ ਹੈ-

| | |
|---|---|
| ੧੧-੪-੮੮ ਸ਼ਾਮ ੫ ਤੋਂ ੮ ਸੋਦਰ ਤੇ ਅਖੰਡ ਕੀਰਤਨ | ਗੁਰਦੁਆਰਾ ਗੁਰੂ ਨਾਨਕ ਦੇਵ ਯੂਨੀਵਰਸਿਟੀ |
| ੧੨-੪-੮੮ ਸਵੇਰ ੨-੩੦ ਤੋਂ ੭-੫੦ (ਤ੍ਰਿਪਹਿਰਾ, ਆਸਾ ਦੀ ਵਾਰ ਤੇ ਬਿਲਾਵਲ ਦੀ ਚੌਕੀ) | ਸ੍ਰੀ ਹਰਿਮੰਦਰ ਸਾਹਿਬ ਵਿਖੇ |
| ਦਿਨੇ ੧੦ ਤੋਂ ੧੨ ਅਖੰਡ ਕੀਰਤਨ | ਸ਼ਹੀਦੀ ਅਸਥਾਨ (ਨੇੜੇ ਬੀ ਬਲਾਕ ਕੁਆਟਰਜ਼) |
| ਸ਼ਾਮ ੫ ਤੋਂ ੮ ਸੋਦਰ ਤੇ ਅਖੰਡ ਕੀਰਤਨ | ਗੁਰਦੁਆਰਾ ਪਿਪਲੀ ਸਾਹਿਬ (ਪੁਤਲੀ ਘਰ) |
| ੧੩-੪-੮੮ ਸਵੇਰੇ ਭੋਗ ਸ੍ਰੀ ਅਖੰਡਪਾਠ, ਉਪਰੰਤ ਦੁਪਹਿਰ ਤਕ ਕੀਰਤਨ | ਗੁਰਦੁਆਰਾ ਸ੍ਰੀ ਬਿਬੇਕਸਰ |
| ਸ਼ਾਮ ੬ ਵਜੇ ਅੰਮ੍ਰਿਤ ਸਿੰਚਾਰ ਅਰੰਭ | ਸ੍ਰੀ ਗੁਰੂ ਰਾਮਦਾਸ ਹਾ: ਸੈ: ਸਕੂਲ |
| ਸ਼ਾਮ ੭ ਵਜੇ ਸੋਦਰ, ਉਪਰੰਤ ਰੈਣ ਸਬਾਈ ਕੀਰਤਨ ਅਰੰਭ | ਗੁਰਦੁਆਰਾ ਸ੍ਰੀ ਬਿਬੇਕਸਰ |
| ੧੪-੪-੮੮ ਸਵੇਰੇ ਅਨੰਦ ਕਾਰਜਾਂ ਤੋਂ ਉਪਰੰਤ ਪੰਜ ਵਜੇ ਸਮੁਚੀ ਸਮਾਪਤੀ | ” ” ” |

ਨੋਟ—(੧) ਲੋੜ ਮੂਬਬ ਪ੍ਰੋਗਰਾਮ ਵਿਚ ਤਬਦੀਲੀ ਹੋ ਸਕਦੀ ਹੈ। (੨) ਆਪਣੀ ਲੋੜ ਲਈ ਬਿਸਤਰਾ ਨਾਲ ਲਿਆਓ ਜੀ।
(੩) ਰਿਹਾਇਸ਼ ਗੁਰੂ ਰਾਮਦਾਸ ਖਾਲਸਾ ਹਾਇਰ ਸੈਕੰਡਰੀ ਸਕੂਲ, ਰਾਮਸਰ ਰੋਡ, ਸ੍ਰੀ ਅੰਮ੍ਰਿਤਸਰ ਵਿਖੇ ਹੋਵੇਗੀ।

ਪੁਛ ਗਿੱਛ : 'ਸੂਰਾ', ਮਾਈ ਸੇਵਾਂ, ਅੰਮ੍ਰਿਤਸਰ, ਫ਼ੋਨ : 51847 ਦਾਸਰੇ—ਅਖੰਡ ਕੀਰਤਨੀ ਜਥਾ, ਸ੍ਰੀ ਅੰਮ੍ਰਿਤਸਰ

## ਖੰਨਾ ਸਾਲਾਨਾ ਅਖੰਡ ਕੀਰਤਨ ਸਮਾਗਮ ੧੨ ਤੋਂ ੧੫ ਮਈ ਐਤਵਾਰ ਤਕ, ਵੇਰਵਾ ਆਉਂਦੇ 'ਸੂਰਾ' ਚਿ

## ਸ਼ਹੀਦ ਭਾਈ ਕੇਵਲ ਸਿੰਘ ਦੀ ਯਾਦ ਵਿਚ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਕੀਰਤਨ ਸਮਾਗਮ

ਗੁਰਦੁਆਰਾ ਕਲਗੀਧਰ ਚਰਨ ਪਾਵਨ ਵਿਚ ੧੦ ਅਪ੍ਰੈਲ ਐਤਵਾਰ ਸਵੇਰੇ ੬ ਤੋਂ ੧੧ ਤਕ ਕੀਰਤਨ ਵਿਚ ਆਇ ਜੁੜੋ ਜੀ।

## ਬਸੀ ਪਠਾਣਾਂ, ਧੋਬੀ ਮਹੱਲਾ ਵਿਖੇ ਰੈਣ ਸਬਾਈ ਕੀਰਤਨ

ਲਾਲ ਗੁਰਦੁਆਰਾ ਸਾਹਿਬ ਵਿਖੇ ੧੯ ਅਪ੍ਰੈਲ ਮੰਗਲਵਾਰ ਰਾਤ ਨੂੰ ਕੀਰਤਨ ਵਿਚ ਲਾਹੇ ਪ੍ਰਾਪਤ ਕਰੋ ਜੀ।

## ਮਾਸਕ ਰੈਣ ਸਬਾਈ ਕੀਰਤਨ ਗੁ: ਖੂਹੀ ਸਰ(ਸੀ.ਟੀ.ਆਈ ਦੇ ਪਿਛੇ)ਕੋਟ ਮੰਗਲ ਸਿੰਘ ਲੁਧਿਆਣਾ ਵਿਖੇ

ਮਾ: ਸਤਵੰਤ ਸਿੰਘ ਸੂਚਨਾ ਦੇਂਦੇ ਹਨ ਕਿ ੯ ਅਪ੍ਰੈਲ ਸ਼ਨੀਵਾਰ ਰਾਤ ਨੂੰ ਕੀਰਤਨ ਵਿਚ ਪੁਜ ਕੇ ਲਾਹੇ ਪ੍ਰਾਪਤ ਕਰੋ ਜੀ।

## ਮੋਗਾ ਅਖੰਡ ਕੀਰਤਨੀ ਜਥਾ ਵਲੋਂ ਦਿਵਸ ਸੁਹੇਲਾ ਅਖੰਡ ਕੀਰਤਨ ਸਮਾਗਮ ਐਤਵਾਰ ਸਵੇਰੇ

(੧) ੩ ਅਪ੍ਰੈਲ ੬ ਤੋਂ ੧ ਤਕ ਪ੍ਰਮਿੰਦਰ ਸਿੰਘ C/o ਮਾ: ਚੇਤ ਸਿੰਘ, ਪੁਰਾਣਾ ਗੁਲਾਬੀ ਬਾਗ ਜੀ.ਟੀ.ਰੋਡ ਮੋਗਾ ਦੇ ਗ੍ਰਿਹ
(੨) ੧੦ ਅਪ੍ਰੈਲ ੮ ਤੋਂ ੧੧ ਤਕ ਭਾਈ ਬਲਦੇਵ ਸਿੰਘ ਪਿੰਡ ਸੰਧੂਆਂ (ਮੋਗਾ ਬਾਈ ਪਾਸ ਤੋਂ ੨ ਕਿਲੋ ਮੀਟਰ) ਦੇ ਗ੍ਰਿਹ

## ਮੁਕਤਸਰ (ਨੇੜੇ ਸੇਤੀਆ ਆਇਲ ਕੰਪਨੀ) ਭਾਈ ਕਰਤਾਰ ਸਿੰਘ ਦੇ ਗ੍ਰਿਹ ਨੰ: ੪੫੫੧ ਵਿਖੇ ਕੀਰਤਨ

ਭਾਈ ਬੰਤਾ ਸਿੰਘ ਦੀ ਯਾਦ ਵਿਚ ੧੭ ਅਪ੍ਰੈਲ ਐਤਵਾਰ ਸਵੇਰੇ ੬ ਤੋਂ ੧੨ ਤਕ (ਅਬੋਹਰ ਰੋਡ) ਕੀਰਤਨ।

## ਕਸਬਾ ਭਰਾਲ (ਸੰਗਰੂਰ) ਭਾਈ ਕਰਨੈਲ ਸਿੰਘ ਦੇ ਗ੍ਰਿਹ ੮ ਤੋਂ ੧੦ ਅਪ੍ਰੈਲ ਸ੍ਰੀ ਅਖੰਡ ਪਾਠ ਸਮਾਗਮ

ਕਸਬਾ ਭਰਾਲ ਲਈ ਬਸਾਂ ਮਲੇਰ ਕੋਟਲਾ, ਮੰਡੀ ਅਹਿਮਦਗੜ੍ਹ, ਰਾਏਕੋਟ ਤੇ ਬਰਨਾਲਾ ਤੋਂ ਮਿਲਦੀਆਂ ਹਨ।

## ਤਲਵੰਡੀ ਰਤੋਵਾਲ (ਗੁਰਦਾਸਪੁਰ) ਭਾ: ਹਰਭਜਨ ਸਿੰਘ ਦੇ ਗ੍ਰਿਹ ਵਿਖੇ ੧ ਮਈ ਨੂੰ ਸਮਾਗਮ

ਮਾਤਾ ਪਿਤਾ ਦੀ ਯਾਦ ਵਿਚ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਕੀਰਤਨ। ਧਾਰੀਵਾਲ ਤੋਂ ਟਾਂਗੇ ਮਿਲਦੇ ਹਨ।

## ਮਨੀਆਰਡਰ ਤੇ ਬੈਂਕ ਡਰਾਫ਼ਟ ਆਦਿ ਭੇਜਣ ਦਾ ਪਤਾ

**Sura Monthly, Bazar Mai Sewan, Amritsar**

ਅੰਮ੍ਰਿਤਸਰ ਦੇ ਹਾਲਾਤ ਨਾਰਮਲ ਨਾ ਹੋਣ ਕਰਕੇ ਸ੍ਰੀ ਅੰਮ੍ਰਿਤਸਰ ਵਿਖੇ
ਅਖੰਡ ਕੀਰਤਨੀ ਜਥਿਆਂ ਵਲੋਂ ਵੈਸਾਖੀ ਦੇ ਸਭ ਪ੍ਰੋਗਰਾਮ ਕੈਂਸਲ ਹਨ।

www.AKJ.Org